BED TIME STORIES-6

(GURU HARGOBIND JI, GURU HAR RAI JI AND GURU HAR KRISHAN JI)

(ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ, ਗੁਰੂ ਹਰਿ ਕ੍ਰਿਸ਼ਨ ਜੀ)

Other books by the same author on religious philosophy and history :

1. **Hindu Sikh Sikhia (Panjabi)** **ISBN 1 872580 00 9**
2. **Hindu Sikh Sikhia (Hindi)** **ISBN 1 872580 01 7**
3. **Sach Sunai Si Sach Ki Bela (Panjabi)** **ISBN 1 872580 05 X**
4. **Tales of Truth (English) (Sikh Martyrs)** **ISBN 1 872580 06 8**
5. **Bed Time Stories-1 (Panjabi-English) (Guru Gobind Singh Ji)** **ISBN 1 872580 20 3**
6. **Bed Time Stories-2 (Panjabi-English) (Guru Nanak Dev Ji)** **ISBN 1 872580 20 1**
7. **Bed Time Stories-3 (Panjabi-English) (Guru Arjan Dev Ji)** **ISBN 1 872580 22 X**
8. **Bed Time Stories-4 (Panjabi-English) (Guru Tegh Bahadur Ji)** **ISBN 1 872580 23 8**
9. **Bed Time Stories-5 (Panjabi-English) (Guru Angad Dev Ji, Guru Amar Dass Ji and Guru Ram Dass Ji)** **ISBN 1 872580 24 6**
10. **Bed Time Stories-6 (Panjabi-English) (Guru Hargobind Ji, Guru Har Rai Ji and Guru Har Krishan Ji)** **ISBN 1 872580 25 4**
11. **Bed Time Stories-7 (Panjabi-English) (Sikh Martyrs)** **ISBN 1 872580 26 2**

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

—The Council of Sikh Gurdwaras in Birmingham, England.

"Mr. Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books........."

—Dr. Joginder Singh J.P., Birmingham, England.

"We highly recommend these books to those who want to learn or teach Sikhism and Sikh Philosophy."

—Gurdwara Guru Ramdas, Singh Sabha, Birmingham, England.

BED TIME STORIES-6

(GURU HARGOBIND JI, GURU HAR RAI JI AND GURU HAR KRISHAN JI)

(ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ, ਗੁਰੂ ਹਰਿ ਕ੍ਰਿਸ਼ਨ ਜੀ)

Santokh Singh Jagdev

SIKH MISSIONARY RESOURCE CENTRE
BIRMINGHAM (ENGLAND)

Bed Time Stories-6
ISBN 1 872580 25 4

First edition 1995

Price Rs. 60-00

Published by :
Sikh Missionary Resource Centre
346, Green Lane Rd.,
Small Heath, Birmingham,
B95DR, England.
Ph-21-772-5365

Distributors :
SINGH BROTHERS
Bazar Mai Sewan, Amritsar.

Typesetters :
K.G. Graphics, SCO 98, City Centre, Amritsar.

Printers :
Printwell, 146, Industrial Focal Point, Amritsar.

INDEX

Foreword

Guru Arjan Dev was martyred at Lahore on the 30th May, 1606 A.D., after great torture on the order of king Jahangir. After that, at the time of the ceremony of assuming leadership of Sikhs, Guru Hargobind addressed the congregation saying, "I have to raise an army that will fight the tyranny being carried out in the country. Come, join that army and get the blessings of the Guru."

The propagation of the teachings of Guru Nanak had been going on for more than a hundred years. The effect of these preachings became apparent when Sikhs from all corners of the country started coming to join the Guru's army. With that army, the Guru fought four battles with the royal army against the oppression of public rights by the Government. In all these battles, the royal army was defeated.

The victories of Sikhs in these battles proved that the Sikhs were always ready to fight for the defence of their rights. The fear of death had vanished from the hearts of the Sikhs. The teachings of the Guru had infused enthusiasm even in the minds of children to face tyranny. For example (Guru) Tegh Bahadur, the younger son of Guru Hargobind had taken part in the fourth battle of the Guru at the age of fourteen.

In August, 1643 A.D., at the time of entrusting the responsibility to his grandson (Guru) Har Rai, Guru Hargobind said, "Always keep twenty-two hundred horse-men in fighting fit condition with you." Acting upon the command of the Guru, he and his successor Guru Har Rai continued the programme of weapon training and teaching of scriptures as before. The teaching of Guru Nanak had awakened the people of India in such a way that they were always ready to fight tyranny. The barbarity of the rulers could not waver them from their faith. They attained martyrdom smiling. Twenty stories of these brave martyrs are given in Bed Time Stories-7.

S. S. Jagdev

Diwali of the Sikhs

Diwali is an old festival of India. It was first celebrated on the day when Prince Ram Chander of Ayodhya returned from exile of fourteen years. The public of Ayodhya welcomed his arrival with lights and fire-works.

The foundation of Amritsar was laid by Guru Amar Dass in June, 1570 A.D. and Guru Hargobind was bestowed the Guruship on 30th May, 1606 A.D. He started weapon training to his Sikhs and got Lohgarh fort erected outside Amritsar in 1609 A.D. He also got Akal Takhat constructed in 1609 A.D. and began to hold court there like kings to pronounce orders and give decisions. Murtza Khan was appointed new Governor of Lahore in 1610 A.D. Seeing the activities of warfare of the Guru, he reported to the Emperor Jahangir. Hearing the reports, Jahangir passed orders to confine Guru Hargobind in the Gwalior fort. The orders for the detention of the Guru were prior to May, 1611 A.D., when Jahangir was not married to Noor Jahan. After the marriage, Jahangir started to drink more than before and Noor Jahan was helping him in his administrative work. She could not have passed the orders for the detention of the Guru as she knew saint Mian Mir well. To know saint Mian Mir was infact knowing Guru's institution.

When Guru Hargobind was in the Gwalior fort, Sikhs arriving at Amritsar for an audience with the Guru used to go there walking four hundred and fifty miles for the glimpse of their Guru and return back after paying obeisance to the walls of the fort. Seeing the love and devotion of the Sikhs for the Guru, saint Mian Mir went to Agra and requested Jahangir for the release of the Guru. When Jahangir heard the praise of Guru Arjan Dev and Guru Hargobind from saint Mian Mir, he passed orders for the release of Guru Hargobind.

According to Bhai Kahan Singh, Chandu died at Lahore in 1613 A.D. at the hands of the grain parcher. Baba Gurditta, the eldest prince of Guru Hargobind was born in November, 1613 A.D. Assuming these dates to be right then Guru Hargobind reached Amritsar in 1612 A.D. on the day of Diwali. Sikhs celebrated the return of their Guru back to Amritsar from confinement with illumination and fire-works. Since that day, it is celebrated by the Sikhs at Amritsar and all over the world every year.

ਮੀਰ ਤੇ ਪੀਰ

ਗੁਰੂ ਹਰਿਗੋਬਿੰਦ ਜੀ ਦਾ ਜਨਮ 19 ਜੂਨ, 1595 ਈਸਵੀ ਨੂੰ ਪਿੰਡ ਵਡਾਲੀ ਵਿਖੇ ਗੁਰੂ ਅਰਜਨ ਦੇਵ ਜੀ ਦੇ ਘਰ ਹੋਇਆ। ਉਨ੍ਹਾਂ ਦਾ ਜਨਮ ਹੋਣ ਤੋਂ ਪਹਿਲਾਂ, ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਦੇਵੀ ਨੂੰ ਵਰ ਦਿੱਤਾ, "ਤੁਸੀਂ ਏਨੇ ਬਹਾਦਰ ਪੁੱਤਰ ਨੂੰ ਜਨਮ ਦਿਉਗੇ, ਜਿਹੜਾ ਤੁਰਕਾਂ ਦੇ ਸਿਰ ਇਸ ਤਰ੍ਹਾਂ ਭੰਨੇਗਾ, ਜਿਵੇਂ ਮੈਂ ਇਸ ਗੰਢੇ ਨੂੰ ਹੱਥ ਨਾਲ ਭੰਨ ਰਿਹਾ ਹਾਂ।" ਸ੍ਰੀ ਹਰਿਗੋਬਿੰਦ ਜੀ ਦੀ ਪਾਲਣਾ, ਆਉਣ ਵਾਲੇ ਸਮੇਂ ਨੂੰ ਮੁੱਖ ਰੱਖ ਕੇ ਕੀਤੀ ਗਈ। ਉਨ੍ਹਾਂ ਨੂੰ ਬਾਬਾ ਬੁੱਢਾ ਜੀ ਨੇ ਅੱਖਰੀ ਵਿੱਦਿਆ, ਹਿਕਮਤ, ਸ਼ਾਸਤਰ, ਖੇਤੀਬਾੜੀ ਤੇ ਰਾਜਨੀਤੀ ਦਾ ਗਿਆਨ ਦੇਣ ਪਿੱਛੋਂ, ਆਉਣ ਵਾਲੇ ਯੁੱਧਾਂ ਲਈ ਤਿਆਰ ਕਰਨ ਲਈ, ਭਾਈ ਪਰਾਗਾ ਜੀ ਪਾਸੋਂ ਸ਼ਸਤਰ-ਵਿੱਦਿਆ, ਭਾਈ ਜੇਠਾ ਜੀ ਪਾਸੋਂ ਯੁੱਧ ਦੇ ਗੁਰ ਤੇ ਭਾਈ ਗੰਗਾ ਸਹਿਗਲ ਪਾਸੋਂ ਘੋੜ-ਸਵਾਰੀ ਦੇ ਦਾਅ-ਪੇਚਾਂ ਦੀ ਸਿੱਖਿਆ ਦਿਵਾਈ। ਇਸ ਤਰ੍ਹਾਂ ਸ੍ਰੀ ਹਰਿਗੋਬਿੰਦ ਜੀ ਨੂੰ ਛੋਟੀ ਉਮਰ ਵਿਚ ਹੀ ਆਉਣ ਵਾਲੇ ਸਮੇਂ ਲਈ ਤਿਆਰ ਕੀਤਾ ਗਿਆ ਸੀ।

ਮਈ 1606 ਈਸਵੀ ਵਿਚ, ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਬਾਦਸ਼ਾਹ ਨੇ ਲਾਹੌਰ ਹਾਜ਼ਰ ਹੋਣ ਲਈ ਹੁਕਮ ਭੇਜਿਆ। 22 ਮਈ, 1606 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੋਂ ਲਾਹੌਰ ਨੂੰ ਚੱਲਣ ਤੋਂ ਪਹਿਲਾਂ, ਗੁਰਗੱਦੀ ਦੀ ਜ਼ਿੰਮੇਵਾਰੀ ਸ੍ਰੀ ਹਰਿਗੋਬਿੰਦ ਜੀ ਨੂੰ ਸੌਂਪ ਕੇ ਬਚਨ ਕੀਤੇ, "ਕਦੇ ਕਰਾਮਾਤ ਨਹੀਂ ਦਿਖਾਉਣੀ, ਸ਼ਸਤਰ ਸਜਾ ਕੇ ਗੱਦੀ ਉਪਰ ਬੈਠਣਾ, ਵੱਡੀ ਫ਼ੌਜ ਤਿਆਰ ਕਰਨੀ ਤੇ ਜ਼ੁਲਮ ਦੇ ਟਾਕਰੇ ਲਈ ਡਟ ਜਾਣਾ।" 30 ਮਈ, 1606 ਈਸਵੀ ਨੂੰ ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਉਸ ਸਮੇਂ ਗੁਰੂ ਹਰਿਗੋਬਿੰਦ ਜੀ ਦੀ ਉਮਰ ਸਿਰਫ਼ ਗਿਆਰਾਂ ਸਾਲਾਂ ਦੀ ਸੀ। ਇਸ ਛੋਟੀ ਜਿਹੀ ਉਮਰ ਵਿਚ ਵੀ ਉਨ੍ਹਾਂ ਦੇ ਨੇੜੇ ਕੋਈ ਡਰ ਜਾਂ ਭੈ ਨਹੀਂ ਸੀ। ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਗੁਰਗੱਦੀ ਦੀ ਰਸਮ ਸਮੇਂ ਦੋ ਤਲਵਾਰਾਂ, ਇੱਕ ਮੀਰੀ ਤੇ ਇੱਕ ਪੀਰੀ ਦੀ ਪਹਿਨਾਉਣ ਲਈ ਕਿਹਾ। ਉਨ੍ਹਾਂ ਨੇ ਦਸਤਾਰ ਪਹਿਲਾਂ ਹੀ ਸ਼ਾਹੀ ਠਾਠ ਵਾਲੀ ਬੰਨ੍ਹੀ ਹੋਈ ਸੀ, ਜਿਸ ਉੱਪਰ ਉਨ੍ਹਾਂ ਰਾਜਿਆਂ ਵਾਂਗ ਕਲਗੀ ਸਜਾਈ ਹੋਈ ਸੀ। ਗੁਰਗੱਦੀ ਦੀ ਰਸਮ ਸਮਾਪਤ ਹੋਣ ਪਿੱਛੋਂ ਉਨ੍ਹਾਂ ਆਈ ਸੰਗਤ ਨੂੰ ਸੰਬੋਧਨ ਕਰ ਕੇ ਕਿਹਾ, "ਅੱਜ ਤੋਂ ਗੁਰੂ-ਘਰ ਦੀ ਭੇਟਾ ਲਈ ਚੰਗੇ ਸ਼ਸਤਰ ਤੇ ਘੋੜੇ ਲੈ ਕੇ ਆਉਣਾ। ਅਸੀਂ ਫ਼ੌਜ ਤਿਆਰ ਕਰਨੀ ਹੈ ਜਿਹੜੀ ਦੇਸ਼ ਵਿਚ ਹੋ ਰਹੇ ਜ਼ੁਲਮ ਦਾ ਟਾਕਰਾ ਕਰ ਸਕੇ। ਉਸ ਗੁਰੂ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਮੇਰੇ ਪਾਸ ਤਿਆਰ ਹੋ ਕੇ ਆਓ ਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।"

ਗੁਰੂ ਜੀ ਦਾ ਸੁਨੇਹਾ ਪਿੰਡਾਂ ਤੇ ਸ਼ਹਿਰਾਂ ਵਿਚ ਬੜੀ ਜਲਦੀ ਪੁੱਜ ਗਿਆ। ਸੰਗਤਾਂ ਘੋੜੇ ਤੇ ਸ਼ਸਤਰਾਂ ਦੀਆਂ ਭੇਟਾਵਾਂ ਲੈ ਕੇ ਪੁੱਜਣ ਲੱਗੀਆਂ। ਦੂਰ ਦੂਰ ਤੋਂ ਸਿੱਖ ਆ ਕੇ ਗੁਰੂ ਦੀ ਫ਼ੌਜ ਵਿਚ ਭਰਤੀ ਹੋਣ ਲੱਗੇ। ਉਨ੍ਹਾਂ ਭਰਤੀ ਹੋਣ ਵਾਲੇ ਸਿੱਖਾਂ ਦੀ ਮੰਗ ਸਿਰਫ਼ ਦੋ ਵੇਲੇ ਦਾ ਪਰਸ਼ਾਦਾ ਤੇ ਛੇ ਮਹੀਨੇ ਪਿੱਛੋਂ ਇੱਕ ਪੁਸ਼ਾਕਾ ਸੀ। ਗੁਰੂ ਜੀ ਨੇ ਨਿੱਤ ਦੇ ਕੀਰਤਨ ਪਿੱਛੋਂ ਹਰਿਮੰਦਰ ਸਾਹਿਬ ਦੇ ਸਾਹਮਣੇ ਹੀ ਜੰਗੀ ਸਿੱਖਿਆ ਦੇਣ ਦਾ ਅਭਿਆਸ ਸ਼ੁਰੂ ਕਰਵਾ ਦਿੱਤਾ। ਉਨ੍ਹਾਂ ਨੇ ਕਵੀਆਂ ਨੂੰ ਸ਼ਹੀਦਾਂ ਦੀਆਂ ਵਾਰਾਂ ਤਿਆਰ ਕਰਨ ਦੀ ਪ੍ਰੇਰਨਾ ਕੀਤੀ, ਜਿਨ੍ਹਾਂ ਨੂੰ ਢੱਡ ਤੇ ਸਾਰੰਗੀ ਉਪਰ ਗਾਉਣ ਨਾਲ, ਜ਼ੁਲਮ ਸਹਾਰਨ ਵਾਲੀ ਜਨਤਾ ਨੂੰ ਆਪਣੇ ਆਪ ਦੀ ਸੋਝੀ ਹੋ ਜਾਵੇ ਤੇ ਯੋਧਿਆਂ ਨੂੰ ਜੰਗ ਦੇ ਮੈਦਾਨ ਵਿਚ ਸ਼ਸਤਰ ਚਲਾਉਣ ਦਾ ਚਾਉ ਚੜ੍ਹੇ।

ਮੀਰ ਤੇ ਪੀਰ

Temporal and Spiritual Leader



Temporal and Spiritual Leader

Guru Hargobind was born on the 19th June, 1595 A.D., at village Wadali. His father was Guru Arjan Dev. Before his birth, Baba Budha had blessed Mother Ganga Devi, "You will give birth to such a brave son who will crush the heads of Turks (Muslim invaders from middle east), as I am crushing this onion in my fists." Sri Hargobind was brought up keeping in view the times to come. Baba Budha imparted him the knowledge of letters, medicine, philosophy, agriculture and politics. After that to make him ready for the imminent wars, Bhai Paraga gave him weapon-training, Bhai Jetha taught him finer points of warfare and Bhai Ganga Sehgal instructed in horsemanship. In this way Sri Hargobind was trained for the times ahead at a young age.

In May 1606 A.D., Guru Arjan Dev was ordered by King Jahangir to present himself at Lahore. Before leaving Amritsar for Lahore on the 22nd May, 1606 A.D., Guru Arjan Dev entrusted the leadership of the Sikhs to Sri Hargobind and said, "Never show a miracle, sit on the seat of the Guru, donning the weapons, raise a big army and stand up resolutely to face tyranny." Guru Arjan Dev was martyred at Lahore on the 30th May, 1606 A.D., after great torture. Guru Hargobind was only eleven at that time. Inspite of this tender age, he was devoid of any fear or apprehension. At the time of the ceremony for installing him as Guru, he asked Baba Budha to vest him with two swords, one indicating temporal and the other spiritual leadership. He had already tied a turban of royal splendour, decorated with aigrette as was being worn by the Rajas (Hindu rulers). After the installation ceremony, the Guru addressed the assembled devotees, "From this day on, bring good weapons and horses as offerings to the Guru's institution. We have to raise an army that may stand up to the tyranny being perpetrated in the country. Come to me prepared to join that army and have blessings of the Guru."

The message of the Guru spread rapidly in the villages and towns. Devotees started bringing weapons and horses as offerings. Sikhs started coming from far and near to join the Guru's army. The only demand of the Sikhs was two meals a day and a dress after six months. The Guru started warfare practice in front of Harmandir Sahib after the morning recitals. He motivated the poets to write ballads of the martyrs, by singing of these with heroic tunes of 'Dhad and Sarangi' (musical instruments) the public tolerating oppression and tyranny may realise the importance of their lives and the warriors may feel elated in wielding weapons in the battlefield.

ਬੰਦੀ ਛੋੜ Deliverer of Rajas



ਬੰਦੀਛੋੜ

ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ, 'ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ' ਦੀ ਨੀਤੀ ਅਪਣਾ ਲਈ। ਗੁਰੂ ਦੇ ਹੁਕਮ ਅਨੁਸਾਰ, ਜਿੱਥੇ ਸੰਗਤ ਸੋਹਣੇ ਘੋੜੇ ਤੇ ਸ਼ਸਤਰ ਭੇਟਾ ਲੈ ਕੇ ਹਾਜ਼ਰ ਹੁੰਦੀ ਸੀ, ਉਥੇ ਸੂਰਬੀਰ ਆਪਣੀਆਂ ਜਵਾਨੀਆਂ ਵੀ ਗੁਰੂ ਅੱਗੇ ਭੇਟ ਕਰਦੇ ਸਨ। ਗੁਰੂ ਦੀ ਫ਼ੌਜ ਵਿਚ, ਸ਼ਾਹੀ ਫ਼ੌਜ ਵਿੱਚੋਂ ਧਾਰਮਕ ਨੀਤੀ ਅਧੀਨ ਕੱਢੇ ਫ਼ੌਜੀ ਪਠਾਣ, ਜਿਵੇਂ ਸੂਬੇਦਾਰ ਯਾਰ ਖ਼ਾਨ ਤੇ ਫ਼ੌਜਦਾਰ ਖ਼ੁਆਜਾ ਸਰਾਇ ਵਰਗੇ ਹੋਰ ਬੇਅੰਤ ਭਰਤੀ ਹੋਣ ਲੱਗੇ। ਬਹੁਤ ਸਾਰੇ ਡਾਕੂ ਚੋਰ, ਜਿਨ੍ਹਾਂ ਨੇ ਸਰਕਾਰ ਦੇ ਜ਼ੁਲਮ ਤੋਂ ਤੰਗ ਆ ਕੇ ਇਹ ਘਟੀਆ ਕਿੱਤੇ ਅਖ਼ਤਿਆਰ ਕੀਤੇ ਸਨ, ਉਹ ਆਪਣੇ ਕਿੱਤਿਆਂ ਤੋਂ ਤੌਬਾ ਕਰ ਕੇ ਗੁਰੂ ਪਾਸ ਹਾਜ਼ਰ ਹੋਣ ਲੱਗੇ। ਗੁਰੂ ਨਾਨਕ ਦਾ ਘਰ ਸਹੀ ਅਰਥਾਂ ਵਿਚ ਨਿਗ਼ਰਿਆਂ ਦਾ ਘਰ ਬਣਨ ਲੱਗਾ।

ਗੁਰੂ ਜੀ ਨੇ 52 ਫ਼ੌਜੀ ਭਰਤੀ ਕੀਤੇ, ਜਿਹੜੇ ਨਵੇਂ ਭਰਤੀ ਹੋਣ ਵਾਲੇ ਸਿੱਖਾਂ ਨੂੰ ਸ਼ਸਤਰ-ਵਿੱਦਿਆ ਦਿੰਦੇ। ਗੁਰੂ ਜੀ ਨੇ ਬਾਜ਼ ਤੇ ਸ਼ਿਕਾਰੀ ਕੁੱਤੇ ਰੱਖ ਲਏ। ਤੀਜੇ ਪਹਿਰ, ਸਿੱਖਾਂ ਨੂੰ ਨਾਲ ਲੈ ਕੇ, ਮੁਗ਼ਲ ਹਾਕਮਾਂ ਦੀ ਤਰ੍ਹਾਂ ਸ਼ਿਕਾਰ ਖੇਡਣ ਲਈ ਜੰਗਲ ਵਿਚ ਜਾਂਦੇ। ਉਹ ਜੰਗਲੀ ਜਾਨਵਰ ਸ਼ੇਰ, ਚੀਤੇ ਆਦਿ ਦਾ ਸ਼ਿਕਾਰ ਕਰਦੇ। 1609 ਈਸਵੀ ਵਿਚ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਉਸਾਰੀ ਕਰਵਾਈ। ਸ਼ਾਮ ਦੇ ਦੀਵਾਨ ਸਮੇਂ, ਉਹ ਉਸ ਤਖ਼ਤ ਉੱਪਰ ਬਿਰਾਜਮਾਨ ਹੋ ਕੇ ਇੱਕ ਬਾਦਸ਼ਾਹ ਦੀ ਤਰ੍ਹਾਂ ਦਰਬਾਰ ਲਾਉਂਦੇ। ਆਪਣੇ ਸਿੱਖਾਂ ਦੇ ਲੈਣ-ਦੇਣ ਦੇ ਝਗੜੇ ਨਿਪਟਾਉਂਦੇ ਤੇ ਉਨ੍ਹਾਂ ਦੇ ਘਰੇਲੂ ਫ਼ੈਸਲੇ ਕਰਦੇ। ਜਿਸ ਨਾਲ ਸਿੱਖ, ਸਰਕਾਰੀ ਕਰਮਚਾਰੀਆਂ ਦੇ ਦਬਾਅ ਤੋਂ ਸੁਤੰਤਰ ਹੋ ਗਏ। ਗੁਰੂ ਜੀ ਹਰ ਨਵਾਂ ਹੁਕਮਨਾਮਾ ਤੇ ਨਵਾਂ ਫ਼ੈਸਲਾ, ਉਸੇ ਤਖ਼ਤ ਉਪਰੋਂ ਸੰਗਤ ਨੂੰ ਸੁਣਾਉਂਦੇ।

1609 ਈਸਵੀ ਵਿਚ ਗੁਰੂ ਜੀ ਨੇ ਸ਼ਹਿਰ ਦੀ ਰੱਖਿਆ ਲਈ ਅੰਮ੍ਰਿਤਸਰ ਤੋਂ ਬਾਹਰ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ। 1610 ਈਸਵੀ ਵਿਚ ਜਹਾਂਗੀਰ ਨੇ ਮੁਰਤਜ਼ਾ ਖ਼ਾਨ ਨੂੰ ਲਾਹੌਰ ਦਾ ਗਵਰਨਰ ਥਾਪਿਆ। ਉਹ ਗੁਰੂ ਜੀ ਦਾ ਦਿਨੋ-ਦਿਨ ਵਧਦਾ ਸ਼ਾਹੀ ਠਾਠ ਦੇਖ ਕੇ ਡਰ ਗਿਆ। ਗੁਰੂ-ਘਰ ਦੇ ਦੋਖੀਆਂ ਨੇ ਉਸਨੂੰ ਹੋਰ ਡਰਾ ਦਿੱਤਾ। ਉਸਦੇ ਕਹਿਣ ਉੱਪਰ ਜਹਾਂਗੀਰ ਬਾਦਸ਼ਾਹ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਦਾ ਹੁਕਮ ਕਰ ਦਿੱਤਾ। ਉਸ ਕਿਲ੍ਹੇ ਵਿਚ ਸ਼ਾਹੀ ਕੈਦੀਆਂ ਨੂੰ ਰੱਖਿਆ ਜਾਂਦਾ ਸੀ। ਗੁਰੂ ਜੀ ਦੇ ਉਸ ਕਿਲ੍ਹੇ ਵਿਚ ਜਾਣ ਤੋਂ ਪਹਿਲਾਂ, ਜਹਾਂਗੀਰ ਨੇ 52 ਰਾਜੇ ਕੈਦ ਕੀਤੇ ਹੋਏ ਸਨ।

ਗੁਰੂ ਜੀ ਦੇ ਉਸ ਕਿਲ੍ਹੇ ਵਿਚ ਪੁੱਜਣ ਨਾਲ ਸਵੇਰ ਤੇ ਸ਼ਾਮ ਦਾ ਦੀਵਾਨ ਲੱਗਣਾ ਆਰੰਭ ਹੋ ਗਿਆ। ਜਿਸ ਨਾਲ ਕਿਲ੍ਹੇ ਦੇ ਅੰਦਰ ਦਰੋਗੇ ਤੇ ਰਾਜਿਆਂ ਨੂੰ ਆਤਮਿਕ ਅਨੰਦ ਮਿਲਣ ਲੱਗਾ ਤੇ ਕਿਲ੍ਹੇ ਤੋਂ ਬਾਹਰ ਸਿੱਖ-ਸੰਗਤਾਂ ਗੁਰੂ ਦੇ ਦਰਸ਼ਨ ਬਿਨਾਂ ਤੜਫਣ ਲੱਗੀਆਂ। ਇਹ ਅਨਿਆਏ ਦੇਖ ਕੇ ਸਾਈਂ ਮੀਆਂ ਮੀਰ ਵਰਗੇ ਫ਼ਕੀਰ ਪੁਕਾਰ ਉੱਠੇ। ਬੇਗਮ ਨੂਰ ਜਹਾਂ ਦੇ ਕਹਿਣ ਉਪਰ ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਕਰ ਦਿੱਤਾ। ਗੁਰੂ ਜੀ ਨੇ ਕਿਲ੍ਹੇ ਤੋਂ ਬਾਹਰ ਆਉਣ ਤੋਂ ਪਹਿਲਾਂ ਇਹ ਸ਼ਰਤ ਰੱਖ ਦਿੱਤੀ ਕਿ ਕੈਦੀ ਰਾਜਿਆਂ ਨੂੰ ਵੀ ਉਨ੍ਹਾਂ ਨਾਲ ਰਿਹਾਅ ਕੀਤਾ ਜਾਵੇ। ਜਹਾਂਗੀਰ ਨੇ ਕਿਹਾ, "ਜਿਹੜਾ ਰਾਜਾ ਗੁਰੂ ਦੇ ਵਸਤਰ ਦਾ ਪੱਲਾ ਫੜ ਲਵੇ, ਉਸ ਨੂੰ ਰਿਹਾਅ ਕਰ ਦਿੱਤਾ ਜਾਵੇਗਾ।" ਬੰਦੀਛੋੜ ਗੁਰੂ ਨੇ 52 ਕਲੀਆਂ ਵਾਲਾ ਚੋਲਾ ਪਹਿਨ ਕੇ ਸਾਰੇ ਰਾਜੇ ਛੁਡਾ ਲਏ।

Deliverer of Rajas

After taking up the responsibility of Guruship, Guru Hargobind adopted the policy of 'Do not be afraid of anybody and do not frighten anyone'. In accordance with the command of the Guru, while the devotees presented themselves with the offerings of beautiful horses and weapons, the braves offered their youths to the Guru. Pathan soldiers like Subedar Yaar Khan and Commander Khwaja Sarai who had been turned out of the royal army on the religious grounds, started enrolling in the Guru's army in great numbers. Many dacoits and highway robbers who had adopted these low professions because of tyranny of the government, started giving up their old trades on oaths and were presenting before the Guru. The Guru's institution started to become in a true sense, the home of the homeless.

The Guru recruited fifty-two soldiers to give weapon-training to the newly recruited Sikhs. The Guru kept pet hawks and hounds for hunting. He would go hunting in the afternoons taking along Sikhs with him as was the custom of Mughal rulers. He used to hunt wild animals like tigers and leopards. In 1609 A.D., he got Sri Akal Takht built opposite to Harmandir Sahib. At the time of evening congregation, the Guru would sit on a throne and hold court in the way of a king. He used to settle disputes of the Sikhs regarding money transactions and family matters. Thus the Sikhs became free of the pressure of the government functionaries. The Guru also issued every new order and judgement from that throne.

In 1609 A.D., the Guru got a fort, Lohgarh, constructed outside Amritsar for the protection of the city. In 1610 A.D., Jahangir appointed Murtaza Khan as governor of Lahore. He was alarmed to see the royal splendour of the Guru and his increasing army day by day. The enemies of the Guru's institution frightened him further. At his request, Jahangir passed an order for the arrest of the Guru and to be detained in the Gwalior fort where royal prisoners were held. Before the arrival of the Guru in the fort, fifty-two Rajas were already confined in the fort by Jahangir.

After the entry of the Guru in the fort, the Guru started to hold morning and evening congregations. Due to that the Rajas and the Wardens began to get spiritual bliss while the Sikhs outside the fort got restless for the glimpse of their Guru. Hermits like Saint Mian Mir raised their voices against this injustice. At the bidding of Begum Noor Jahan, Jahangir issued orders for the release of the Guru. Before leaving the fort, the Guru put forward a condition that the detained Rajas be also released alongwith him. Jahangir said, "The Raja who takes hold of the corner of the Guru's dress will be released." The deliverer Guru donned a gown made with fifty-two corners and got all the Rajas released.

ਸੱਚਾ ਪਾਤਸ਼ਾਹ

ਜਹਾਂਗੀਰ ਬਾਦਸ਼ਾਹ, ਸਾਈਂ ਮੀਆਂ ਮੀਰ ਪਾਸੋਂ ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਜੀ ਦੀ ਤਾਰੀਫ਼ ਸੁਣ ਕੇ ਬਹੁਤ ਹੈਰਾਨ ਹੋਇਆ। ਉਸਨੇ ਮਹਿਸੂਸ ਕੀਤਾ ਕਿ ਉਸਨੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਵਾ ਕੇ ਤੇ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਬਣਾ ਕੇ ਬਹੁਤ ਵੱਡੀ ਭੁੱਲ ਕੀਤੀ ਸੀ। ਉਸਨੇ ਵਜ਼ੀਰ ਖ਼ਾਨ ਨੂੰ ਹੁਕਮ ਦਿੱਤਾ ਕਿ ਉਹ ਗਵਾਲੀਅਰ ਜਾ ਕੇ ਗੁਰੂ ਹਰਿਗੋਬਿੰਦ ਜੀ ਨੂੰ ਬੜੇ ਸਤਿਕਾਰ ਨਾਲ ਆਪਣੇ ਨਾਲ ਆਗਰੇ ਲੈ ਕੇ ਆਵੇ ਤਾਂ ਜੁ ਉਹ ਉਸ ਬ੍ਰਹਮ ਗਿਆਨੀ ਦੇ ਦਰਸ਼ਨ ਕਰ ਸਕੇ, ਜਿਸਦੇ ਦਰਸ਼ਨ ਕਰਨ ਲਈ ਦੇਸ਼ ਭਰ ਦੀ ਜਨਤਾ, ਗਵਾਲੀਅਰ ਦੇ ਕਿਲ੍ਹੇ ਦੀਆਂ ਕੰਧਾਂ ਨੂੰ ਨਮਸਕਾਰ ਕਰ ਕੇ ਮੁੜ ਜਾਂਦੀ ਸੀ।


ਵਜ਼ੀਰ ਖ਼ਾਨ, ਜਹਾਂਗੀਰ ਦਾ ਹੁਕਮ ਮੰਨਦਿਆਂ ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਤੋਂ ਨਾਲ ਲੈ ਕੇ ਆਗਰੇ ਦਰਬਾਰ ਵਿਚ ਹਾਜ਼ਰ ਹੋਇਆ। ਜਹਾਂਗੀਰ ਨੇ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਆਪਣੇ ਪਾਸ ਚੰਦਨ ਦੀ ਚੌਕੀ ਉਪਰ ਬਿਠਾਇਆ। ਗੁਰੂ ਜੀ ਨੂੰ ਸ਼ਾਹੀ ਠਾਠ, ਮੀਰੀ ਪੀਰੀ ਦੀਆਂ ਦੋ ਤਲਵਾਰਾਂ ਤੇ ਹੋਰ ਸ਼ਸਤਰ ਪਹਿਨੇ ਹੋਏ ਦੇਖ ਕੇ, ਉਸਦੇ ਮਨ ਦਾ ਸ਼ੰਕਾ ਦੂਰ ਹੋ ਗਿਆ ਕਿ ਉਨ੍ਹਾਂ ਨੂੰ ਡਰਾਇਆ ਜਾਂ ਧਮਕਾਇਆ ਨਹੀਂ ਜਾ ਸਕਦਾ। ਜਹਾਂਗੀਰ ਨੇ ਚੰਦੂ ਨੂੰ ਗੁਰੂ ਜੀ ਅੱਗੇ ਪੇਸ਼ ਕਰ ਕੇ ਕਿਹਾ, "ਇਹ ਦੋਸ਼ੀ ਆਪ ਦੇ ਅੱਗੇ ਹਾਜ਼ਰ ਹੈ, ਜਿਸਨੇ ਮੇਰੇ ਪਾਸੋਂ ਆਪ ਦੇ ਪਿਤਾ ਨੂੰ ਸਜ਼ਾ ਦੇਣ ਦਾ ਹੁਕਮ ਕਰਵਾਇਆ ਤੇ ਆਪ ਨੂੰ ਬੰਦੀ ਬਣਵਾਉਣ ਵਾਲਾ ਵੀ ਇਹ ਹੈ।" ਗੁਰੂ ਜੀ ਨੇ ਚੰਦੂ ਦੀਆਂ ਮੁਸ਼ਕਾਂ ਖੁਲ੍ਹਵਾ ਕੇ ਉਸਨੂੰ ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਦੇ ਹਵਾਲੇ ਕਰ ਦਿੱਤਾ ਤੇ ਜਹਾਂਗੀਰ ਨੂੰ ਕਿਹਾ, "ਪਿਤਾ ਦਾ ਦੋਸ਼ੀ ਕੌਣ ਸੀ, ਇਸਦਾ ਫ਼ੈਸਲਾ ਉਸ ਸਮੇਂ ਲੱਗ ਜਾਵੇਗਾ ਜਦੋਂ ਖ਼ੁਦਾ ਦੀ ਦਰਗਾਹ ਵਿਚ ਨਿਆਂ ਹੋਵੇਗਾ।" ਗੁਰੂ ਜੀ ਦਾ ਫ਼ਕੀਰੀ ਸੁਭਾਅ ਤੇ ਸ਼ਾਹੀ ਰਹਿਣੀ ਦੇਖ ਕੇ ਜਹਾਂਗੀਰ ਬਹੁਤ ਪ੍ਰਭਾਵਿਤ ਹੋਇਆ। ਉਸਨੇ ਗੁਰੂ ਜੀ ਨੂੰ ਕੁਝ ਦਿਨ ਆਪਣੇ ਪਾਸ ਰਹਿਣ ਲਈ ਮਨਾ ਲਿਆ।

ਇਕ ਦਿਨ ਜਹਾਂਗੀਰ ਨੇ ਗੁਰੂ ਜੀ ਨੂੰ ਪੁੱਛਿਆ, "ਆਪ ਨੂੰ ਸਿੱਖ 'ਸੱਚਾ ਪਾਤਸ਼ਾਹ' ਕਿਉਂ ਕਹਿੰਦੇ ਹਨ ਤੇ ਮੈਨੂੰ ਸਿਰਫ਼ ਪਾਤਸ਼ਾਹ ਹੀ ਕਹਿੰਦੇ ਹਨ ?" ਗੁਰੂ ਜੀ ਨੇ ਉੱਤਰ ਦਿੱਤਾ, "ਮੈਂ ਕਿਸੇ ਨੂੰ ਕੁਝ ਨਹੀਂ ਕਹਿੰਦਾ। ਜਿਸ ਤਰ੍ਹਾਂ ਦੇ ਅਸੀਂ ਲੋਕਾਂ ਨੂੰ ਨਜ਼ਰ ਆਉਂਦੇ ਹਾਂ, ਉਸੇ ਤਰ੍ਹਾਂ ਦਾ ਉਹ ਸਾਨੂੰ ਕਹਿ ਦਿੰਦੇ ਹਨ।" ਇਸ ਉੱਤਰ ਨਾਲ ਜਹਾਂਗੀਰ ਦੀ ਤਸੱਲੀ ਨਾ ਹੋਈ। ਦੂਜੇ ਦਿਨ, ਗੁਰੂ ਜੀ ਤੇ ਜਹਾਂਗੀਰ ਸ਼ਿਕਾਰ ਖੇਡਣ ਲਈ ਗਏ। ਦੁਪਹਿਰ ਵੇਲੇ ਗੁਰੂ ਜੀ ਇਕ ਦਰੱਖ਼ਤ ਦੀ ਛਾਂ ਹੇਠ ਆਰਾਮ ਕਰਨ ਲਈ ਰੁਕ ਗਏ ਤੇ ਨਾਲ ਦੇ ਇਕ ਹੋਰ ਦਰੱਖ਼ਤ ਥੱਲੇ ਜਹਾਂਗੀਰ ਨੇ ਡੇਰਾ ਲਾ ਲਿਆ।

ਇਕ ਘਾਹੀ ਨੇ ਸੁਣਿਆ ਹੋਇਆ ਸੀ ਕਿ ਗੁਰੂ ਜੀ ਜੰਗਲ ਵਿਚ ਸ਼ਿਕਾਰ ਖੇਡਣ ਆਉਂਦੇ ਹਨ। ਉਸਨੇ ਜਹਾਂਗੀਰ ਨੂੰ ਹੀ ਗੁਰੂ ਜੀ ਸਮਝ ਕੇ, ਇਕ ਘਾਹ ਦੀ ਪੰਡ ਤੇ ਇਕ ਟਕਾ ਉਸ ਅੱਗੇ ਰੱਖਦਿਆਂ, ਮੱਥਾ ਟੇਕ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮੇਰੀ ਅੰਤ ਸਮੇਂ ਸਹਾਇਤਾ ਕਰਨੀ।" ਜਹਾਂਗੀਰ ਨੇ ਉਸਨੂੰ ਕਿਹਾ, "ਮੈਂ ਤਾਂ ਦੁਨੀਆ ਦਾ ਪਾਤਸ਼ਾਹ ਹਾਂ, ਮੈਂ ਪਦਾਰਥ ਦੇ ਸਕਦਾ ਹਾਂ ਪਰ ਅੰਤ ਸਮੇਂ ਸਹਾਈ ਨਹੀਂ ਹੋ ਸਕਦਾ। ਤੇਰਾ ਸੱਚਾ ਪਾਤਸ਼ਾਹ ਉਸ ਦਰੱਖ਼ਤ ਦੀ ਛਾਂ ਹੇਠ ਹੈ।" ਘਾਹੀ ਨੇ ਜਹਾਂਗੀਰ ਦੇ ਇਹ ਬੋਲ ਸੁਣ ਕੇ ਆਪਣੇ ਘਾਹ ਦੀ ਪੰਡ ਤੇ ਟਕਾ ਚੁਕਿਆ ਤੇ ਜਾ ਕੇ ਗੁਰੂ ਜੀ ਅੱਗੇ ਰੱਖ ਕੇ ਅਰਦਾਸ ਕੀਤੀ। ਉਸ ਪਿੱਛੋਂ, ਜਹਾਂਗੀਰ ਨੇ ਕਦੇ ਨਾ ਪੁੱਛਿਆ ਕਿ ਸਿੱਖ ਉਨ੍ਹਾਂ ਨੂੰ 'ਸੱਚਾ ਪਾਤਸ਼ਾਹ' ਕਿਉਂ ਕਹਿੰਦੇ ਸਨ।

ਸੱਚਾ ਪਾਤਸ਼ਾਹ

True King



True King

King Jahangir was greatly surprised to hear praise of Guru Arjan Dev and Guru Hargobind from Saint Mian Mir. He realised that he had committed a blunder by putting Guru Arjan Dev to martyrdom and imprisoning Guru Hargobind. He ordered Wazir Khan to go to Gwalior and bring Guru Hargobind with him to Agra with great respect so that he might behold the man with divine knowledge for whose audience the populace of the country went and returned after bowing to the walls of the Gwalior fort.

As ordered by Jahangir, Wazir Khan presented himself in the court of Agra after taking Guru Hargobind with him from Gwalior. Jahangir sat the Guru by his side on a sandalwood seat. Seeing the Guru's royal splendour, his donning two swords indicating temporal and spiritual authority and other weapons, his doubts were cleared that he could not be intimidated or cowed down. Jahangir produced Chandu before the Guru and said, "This culprit is before you. He is the man who made me to order the punishment to your father and is also responsible for your imprisonment." The Guru got the shackles of Chandu untied, handed him over to Bhai Bidhi Chand and Bhai Jetha and said to Jahangir, "Who was the culprit of my father, will only be decided when justice is done in the court of God." Jahangir was greatly impressed by the saintly nature and royal life-style of the Guru. He persuaded the Guru to stay for some days with him.

One day, Jahangir asked the Guru, "Why do people call you the true king while I am called king only ?" The Guru replied, "I do not say anything to anybody. People only call us the way they see us." Jahangir was not satisfied with this reply. The next day, the Guru and Jahangir went hunting. At noon, the Guru stopped under a tree for rest. Jahangir camped under another adjoining tree.

A grass-cutter had heard that the Guru comes to the jungle for hunting. Taking Jahangir to be the Guru, he placed a bundle of grass and a coin of two paisas before him and prayed, "O True King ! Please take care of me at the last hour." Jahangir said to him, "I am the king of this world. I can bestow worldly things but cannot help you at the last hour. Your true king is there under that tree." Hearing these words of Jahangir, the grass-cutter took the coin, lifted the grass-bundle and went before the Guru where he placed his presents and offered his prayer. After this happening, Jahangir never asked the Guru, why the Sikhs called him the true king.

ਪਿੱਪਲ ਦਾ ਸੁਰਜੀਤ ਕਰਨਾ

Revival of Fig Tree



ਪਿੱਪਲ ਨੂੰ ਸੁਰਜੀਤ ਕਰਨਾ

ਗੁਰੂ ਹਰਿਗੋਬਿੰਦ ਜੀ 1612 ਈਸਵੀ ਦੀ ਦੀਵਾਲੀ ਵਾਲੇ ਦਿਨ, ਆਗਰੇ ਤੋਂ ਅੰਮ੍ਰਿਤਸਰ ਪੁੱਜੇ। ਸਿੱਖ ਸੰਗਤ ਲਈ ਗੁਰੂ ਜੀ ਦਾ ਇਕ ਸਾਲ ਤੋਂ ਵੱਧ ਅੰਮ੍ਰਿਤਸਰ ਤੋਂ ਬਾਹਰ ਰਹਿਣਾ ਬਹੁਤ ਲੰਮਾ ਸਮਾਂ ਸੀ, ਜਦੋਂ ਕਿ ਸੰਗਤ ਆਪਣੀ ਮਰਜ਼ੀ ਅਨੁਸਾਰ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕੀ ਸੀ। ਗੁਰੂ ਜੀ ਦੇ ਵਾਪਸ ਆਉਣ ਦੀ ਖ਼ੁਸ਼ੀ ਵਿਚ ਸਿੱਖਾਂ ਨੇ ਬੜੀ ਧੂਮ-ਧਾਮ ਨਾਲ ਦੀਪਮਾਲਾ ਕੀਤੀ। ਸੰਗਤ ਦੂਰ-ਦੂਰ ਤੋਂ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਪੁੱਜੀ। ਲਾਹੌਰ ਤੋਂ ਆਈ ਸੰਗਤ ਨੇ, ਗੁਰੂ ਜੀ ਨੂੰ ਲਾਹੌਰੋਂ ਪੁੱਜ ਕੇ, ਬਾਕੀ ਰਹਿੰਦੀ ਲਾਹੌਰ ਦੀ ਸਿੱਖ ਸੰਗਤ ਨੂੰ ਵੀ ਦਰਸ਼ਨ ਦੇਣ ਦੀ ਬੇਨਤੀ ਕੀਤੀ।

ਗੁਰੂ ਜੀ ਨਾਲ ਲਾਹੌਰ ਨੂੰ ਜਾਣ ਲੱਗਿਆਂ, ਭਾਈ ਬਿਧੀ ਚੰਦ ਨੇ ਚੰਦੂ ਨੂੰ ਨਾਲ ਲੈ ਲਿਆ। ਲਾਹੌਰ ਦੀ ਸੰਗਤ ਨੇ ਜਦੋਂ ਚੰਦੂ ਨੂੰ ਦੇਖਿਆ ਤਾਂ ਉਹ ਭੜਕ ਉੱਠੀ। ਉਨ੍ਹਾਂ ਭਾਈ ਬਿਧੀ ਚੰਦ ਪਾਸੋਂ ਚੰਦੂ ਨੂੰ ਲੈ ਲਿਆ ਤੇ ਉਸਦੇ ਗਲ ਵਿਚ ਸੰਗਲ ਪਾ ਕੇ ਲਾਹੌਰ ਸ਼ਹਿਰ ਦੇ ਬਜ਼ਾਰਾਂ ਵਿਚ ਜਲੂਸ ਕੱਢਣਾ ਸ਼ੁਰੂ ਕਰ ਦਿੱਤਾ। ਕਈ ਸਿੱਖ ਗ਼ੁੱਸੇ ਵਿਚ, ਚੰਦੂ ਦੇ ਇਕ ਦੋ ਜੁੱਤੀਆਂ ਵੀ ਕੋਲੋਂ ਦੀ ਲੰਘਣ ਲੱਗੇ ਮਾਰ ਜਾਂਦੇ। ਇਕ ਦਿਨ ਉਹ ਜਲੂਸ ਉਸ ਬਜ਼ਾਰ ਵਿਚ ਪੁੱਜਿਆ ਜਿੱਥੇ ਉਸ ਭੜਭੂੰਜੇ ਦਾ ਦਾਣੇ ਭੁੰਨਣ ਦਾ ਭੱਠ ਸੀ, ਜਿਸ ਪਾਸੋਂ ਚੰਦੂ ਨੇ ਗੁਰੂ ਅਰਜਨ ਦੇਵ ਜੀ ਉੱਪਰ ਗਰਮ ਰੇਤ ਦੇ ਕੜਛੇ ਪਵਾਏ ਸਨ। ਚੰਦੂ ਦੀ ਸ਼ਕਲ ਦੇਖ ਕੇ ਭੜਭੂੰਜਾ ਆਪੇ ਤੋਂ ਬਾਹਰ ਹੋ ਗਿਆ। ਉਸਨੇ ਆਪਣੇ ਹੱਥ ਵਾਲਾ ਕੜਛਾ ਚੰਦੂ ਦੇ ਸਿਰ ਵਿਚ ਬੜੇ ਜ਼ੋਰ ਦੀ ਮਾਰਿਆ, ਜਿਸ ਨਾਲ 1613 ਈਸਵੀ ਵਿਚ ਚੰਦੂ ਦੀ ਮੌਤ ਹੋ ਗਈ।

ਗੁਰੂ ਹਰਿਗੋਬਿੰਦ ਜੀ ਦੇ ਰਾਜਿਆਂ ਨੂੰ ਬੰਦੀ ਵਿਚੋਂ ਛੁਡਾਉਣ ਅਤੇ ਜਹਾਂਗੀਰ ਨਾਲ ਚੰਗੇ ਸੰਬੰਧ ਪੈਦਾ ਹੋਣ ਦਾ ਵੱਡਾ ਅਸਰ ਇਹ ਹੋਇਆ ਕਿ ਸਿੱਖੀ ਦਾ ਪ੍ਰਚਾਰ ਦੇਸ਼ ਦੇ ਹਰ ਕੋਣੇ ਵਿਚ ਬਿਨਾਂ ਕਿਸੇ ਰੋਕ ਜਾਂ ਭੈ ਤੋਂ ਹੋਣ ਲੱਗਾ। ਨਾਨਕ ਮਤੇ ਦੀ ਦੇਖ-ਭਾਲ ਬਾਬਾ ਅਲਮਸਤ ਜੀ ਕਰਦੇ ਸਨ। ਉਨ੍ਹਾਂ ਦੇ ਡੇਰੇ ਦੀ ਸੰਭਾਲ ਦੇ ਨਾਲ ਨਾਲ ਸਿੱਖੀ ਦਾ ਪ੍ਰਚਾਰ ਆਰੰਭ ਕਰ ਦਿੱਤਾ। ਗੋਰਖ ਜੋਗੀ ਦੇ ਚੇਲੇ, ਨਾਨਕ ਮਤੇ ਤੋਂ ਸਿੱਖੀ ਦਾ ਪ੍ਰਚਾਰ ਹੁੰਦਾ ਸਹਾਰ ਨਾ ਸਕੇ। ਉਨ੍ਹਾਂ ਨੇ ਬਾਬਾ ਅਲਮਸਤ ਤੋਂ ਡੇਰੇ ਦੀ ਸੰਭਾਲ ਖੋਹ ਲਈ ਤੇ ਉਸ ਪਿੱਪਲ ਨੂੰ ਅੱਗ ਲਗਾ ਦਿੱਤੀ, ਜਿਸਦੀ ਛਾਂ ਹੇਠ ਬੈਠ ਕੇ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਗਿਆਨ ਦਿੱਤਾ ਸੀ। ਗੁਰੂ ਜੀ ਲਾਹੌਰ ਤੋਂ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਉਨ੍ਹਾਂ ਪਾਸ ਨਾਨਕ ਮਤੇ ਦੀ ਬੇਅਦਬੀ ਦੀ ਖ਼ਬਰ ਪੁੱਜ ਗਈ।

ਗੁਰੂ ਜੀ ਆਪਣੇ ਨਾਲ ਇਕ ਘੋੜ-ਸਵਾਰਾਂ ਦਾ ਜਥਾ ਲੈ ਕੇ ਨਾਨਕ ਮਤੇ ਪਹੁੰਚ ਗਏ। ਗੁਰੂ ਜੀ ਨਾਲ ਸ਼ਸਤਰਧਾਰੀ ਸਿੱਖਾਂ ਨੂੰ ਦੇਖ ਕੇ ਜੋਗੀ ਡੇਰਾ ਛੱਡ ਕੇ ਭੱਜ ਗਏ। ਗੁਰੂ ਜੀ ਦੇ ਪੁੱਜਣ ਸਮੇਂ ਵੀ ਪਿੱਪਲ ਸੜ ਰਿਹਾ ਸੀ। ਉਨ੍ਹਾਂ ਨੇ ਪਿੱਪਲ ਦੇ ਪਾਸ ਬੈਠ ਕੇ ਦੀਵਾਨ ਸਜਾਇਆ। ਉਸ ਪਿੱਛੋਂ ਨਿਰਮਲ ਜਲ ਲੈ ਕੇ ਉਸ ਵਿਚ ਕੇਸਰ ਤੇ ਚੰਦਨ ਮਿਲਾ ਕੇ, ਉਸ ਸੜਦੇ ਪਿੱਪਲ ਉਪਰ ਛਿੱਟੇ ਮਾਰੇ। ਦੇਖਦੇ ਦੇਖਦੇ ਪਿੱਪਲ ਹਰਾ ਹੋ ਗਿਆ ਤੇ ਉਸਦੇ ਪੱਤੇ ਨਿਕਲ ਆਏ, ਜਿਨ੍ਹਾਂ ਉਪਰ ਕੇਸਰ ਦੇ ਪੀਲੇ ਤੇ ਚੰਦਨ ਦੇ ਚਿੱਟੇ ਨਿਸ਼ਾਨ ਸਨ। ਹੁਣ ਵੀ ਪਿੱਪਲ ਦੇ ਹਰ ਪੱਤੇ ਉੱਪਰ ਕੇਸਰ ਤੇ ਚੰਦਨ ਦੇ ਨਿਸ਼ਾਨ ਨਜ਼ਰ ਆਉਂਦੇ ਹਨ। ਪਿੱਪਲ ਨੂੰ ਸੁਰਜੀਤ ਹੋਇਆ ਸੁਣ ਕੇ ਜੋਗੀ ਫਿਰ ਆ ਗਏ। ਉਨ੍ਹਾਂ ਨੇ ਗੁਰੂ ਜੀ ਨੂੰ ਕਿਹਾ, "ਅਸੀਂ ਦੁਨੀਆ ਤਿਆਗ ਕੇ ਇੱਥੇ ਰਹਿ ਰਹੇ ਹਾਂ। ਤੁਸੀਂ ਗ੍ਰਿਹਸਤੀ ਇੱਥੇ ਵੀ ਆ ਕੇ ਸਾਨੂੰ ਤੰਗ ਕਰਦੇ ਹੋ, ਜੋ ਤੁਸਾਂ ਨੂੰ ਸੋਭਾ ਨਹੀਂ ਦਿੰਦਾ।" ਗੁਰੂ ਜੀ ਨੇ ਕਿਹਾ, "ਜੇ ਤੁਸਾਂ ਦੁਨੀਆ ਤਿਆਗੀ ਹੋਵੇ ਤਾਂ ਤੁਸੀਂ ਇਸ ਡੇਰੇ ਦੀ ਮੇਰ ਕਿਉਂ ਕਰੋ ?" ਜੋਗੀਆਂ ਨੂੰ ਕੋਈ ਉੱਤਰ ਨਾ ਸੁੱਝਿਆ ਤਾਂ ਉਹ ਡੇਰਾ ਛੱਡ ਕੇ ਚਲੇ ਗਏ।

Revival of Fig Tree

Guru Hargobind reached Amritsar from Agra on Diwali day in 1612 A.D. The stay of the Guru out of Amritsar for more than one year was a long period for Sikh devotees when they could not behold their Guru as they desired. To celebrate his return, the Sikhs decorated the city of Amritsar with lights. The devotees reached Amritsar for an audience with the Guru from far and near. Sikhs from Lahore requested the Guru to reach Lahore and honour the rest of the devotees of that place with an audience.

At the time of departure for Lahore, Bhai Bidhi Chand took Chandu with him. The devotees of Lahore were enraged when they saw Chandu. They took over Chandu from Bhai Bidhi Chand and started parading him in the streets of Lahore with an animal chain round his neck. Some angry Sikhs would give a blow or two with their shoes while passing by. One day, the procession reached the street where was grain parcher's oven, from whom Chandu had got big ladles of hot sand poured over Guru Arjan Dev. Seeing Chandu, the grain parcher was beside himself with rage. He hit Chandu with the big ladle on the head with great force which resulted in his death in 1613 A.D.

The deliverance of Rajas from the prison and development of good relations with Jahangir had this significant effect that the propagation of Sikhism started in the country without any fear. Baba Almast was looking after Nanak Matta. Besides taking care of the hermitage, he started preaching the Sikh thought. The disciples of Yogi Gorakh could not tolerate the preaching of Sikhism from Nanak Matta. They took away the care of the hermitage from him and set fire to the fig tree sitting under the shade of which Guru Nanak Dev had enlightened the Yogis (saints). The Guru had just reached Amritsar from Lahore when he got news of this sacrilege of Nanak Matta.

The Guru reached Nanak Matta with a squad of horsemen. Seeing the Guru alongwith armed Sikhs, the Yogis fled from the hermitage. The fig tree was still burning when the Guru reached there. The Guru sat by the fig tree and started the recital. After that he mixed saffron and sandal in water and sprinkled over the burning tree. Before the very eyes of those present, the tree was revived and leaves sprouted bearing yellow marks of saffron and white marks of sandal. To this day, marks of saffron and sandal can be seen on every leaf of the fig tree. Hearing the revival of the fig tree, the Yogis returned. They said to the Guru, "We are living here after renouncing the world. It does not behove you householders to come here and torment us." The Guru said, "If you have renounced the world, why are you laying claim on this hermitage ?" The Yogis could not find an answer so they left the hermitage.

ਬੀਬੀ ਕੌਲਾਂ

ਬੀਬੀ ਕੌਲਾਂ ਇਕ ਹਿੰਦੂ ਘਰਾਣੇ ਦੀ ਲੜਕੀ ਸੀ। ਉਸਦਾ ਅਸਲੀ ਨਾਂ ਕਮਲਾ ਸੀ। ਉਸਨੂੰ ਕਾਜ਼ੀ ਰੁਸਤਮ ਖ਼ਾਨ ਨੇ, ਉਸਦੇ ਮਾਪਿਆਂ ਪਾਸੋਂ ਛੋਟੀ ਹੁੰਦੀ ਨੂੰ ਖ਼ਰੀਦ ਲਿਆ ਸੀ। ਉਸਨੂੰ ਕਾਜ਼ੀ ਨੇ ਇਸਲਾਮ ਧਰਮ ਦੀ ਸਿੱਖਿਆ ਦਿੱਤੀ ਤੇ ਫਿਰ ਉਸਨੂੰ ਸਾਈਂ ਮੀਆਂ ਮੀਰ ਪਾਸ ਉੱਚੀ ਵਿੱਦਿਆ ਪ੍ਰਾਪਤ ਕਰਨ ਲਈ ਪੜ੍ਹਨ ਪਾ ਦਿੱਤਾ।


ਸਾਈਂ ਮੀਆਂ ਮੀਰ ਜੀ ਸੂਫ਼ੀ ਫ਼ਕੀਰ ਸਨ। ਉਨ੍ਹਾਂ ਨੂੰ ਕਿਸੇ ਧਰਮ ਨਾਲ ਕੋਈ ਵਿਤਕਰਾ ਨਹੀਂ ਸੀ। ਗੁਰੂ ਨਾਨਕ ਦੇ ਘਰ ਨਾਲ ਉਨ੍ਹਾਂ ਦਾ ਬਹੁਤ ਗੂੜ੍ਹਾ ਪ੍ਰੇਮ ਸੀ। ਉਨ੍ਹਾਂ ਦਾ ਗੁਰੂ ਜੀ ਨੂੰ ਅੰਮ੍ਰਿਤਸਰ ਮਿਲਣ ਜਾਣਾ ਆਮ ਸੀ। ਗੁਰੂ ਜੀ ਜਦੋਂ ਵੀ ਲਾਹੌਰ ਵੱਲ ਆਉਂਦੇ ਤਾਂ ਉਨ੍ਹਾਂ ਨੂੰ ਮਿਲੇ ਬਿਨਾਂ ਨਾ ਜਾਂਦੇ। ਇਸ ਤਰ੍ਹਾਂ ਦੀਆਂ ਮਿਲਣੀਆਂ ਕਾਰਨ ਸਾਈਂ ਮੀਆਂ ਮੀਰ ਨੂੰ ਗੁਰੂ ਨਾਨਕ ਦੀ ਕਾਫ਼ੀ ਬਾਣੀ ਜ਼ਬਾਨੀ ਯਾਦ ਸੀ, ਜਿਸ ਵਿਚੋਂ ਉਹ ਆਪਣੇ ਸ਼ਾਗਿਰਦਾਂ ਨੂੰ ਉਦਾਹਰਣਾਂ ਦਿੰਦੇ ਰਹਿੰਦੇ ਸਨ। ਬੀਬੀ ਕੌਲਾਂ ਨੂੰ ਵੀ ਕੁਝ ਬਾਣੀ ਯਾਦ ਹੋ ਗਈ, ਜਿਹੜੀ ਉਹ ਆਪ-ਮੁਹਾਰੇ ਆਪਣੇ ਮਨ ਦੀ ਖ਼ੁਸ਼ੀ ਲਈ ਪੜ੍ਹਦੀ ਰਹਿੰਦੀ। ਗੁਰੂ-ਘਰ ਵੱਲ ਉਸਦੀ ਲਗਨ ਹੋਰ ਵੀ ਵਧ ਗਈ, ਜਦੋਂ ਗਿਲ੍ਹਟੀ ਤਾਪ ਸਮੇਂ ਉਸਨੇ ਗੁਰੂ ਜੀ ਤੇ ਸਿੱਖਾਂ ਨੂੰ, ਅੰਮ੍ਰਿਤਸਰ ਤੋਂ ਲਾਹੌਰ ਪੁੱਜ ਕੇ ਆਪਣੇ ਹੱਥੀਂ ਰੋਗੀਆਂ ਦੀ ਸੇਵਾ ਕਰਦੇ ਦੇਖਿਆ ਸੀ।

ਇਕ ਦਿਨ ਘਰ ਵਿਚ ਬੀਬੀ ਕੌਲਾਂ ਨੂੰ, ਕਾਜ਼ੀ ਰੁਸਤਮ ਖ਼ਾਨ ਨੇ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਸੁਣ ਲਿਆ। ਉਸਨੇ ਬੀਬੀ ਕੌਲਾਂ ਨੂੰ ਡਾਂਟਿਆ ਤੇ ਕਿਹਾ, "ਅੱਗੇ ਲਈ ਇਹ ਕਾਫ਼ਰਾਂ ਦੀ ਬਾਣੀ ਨਹੀਂ ਪੜ੍ਹਨੀ।" ਬੀਬੀ ਕੌਲਾਂ ਨੇ ਕਿਹਾ, "ਅੱਬਾ ਜਾਨ, ਜਿਨ੍ਹਾਂ ਨੂੰ ਤੁਸੀਂ ਕਾਫ਼ਰ ਕਹਿੰਦੇ ਹੋ, ਉਨ੍ਹਾਂ ਨੂੰ ਸਾਈਂ ਮੀਆਂ ਮੀਰ ਜੀ ਬੜੀ ਨਿਮਰਤਾ ਨਾਲ ਸਿਜਦਾ ਕਰਦੇ ਹਨ ਤੇ ਉਨ੍ਹਾਂ ਨੂੰ ਆਪਣੇ ਨਾਲ ਬਿਠਾਉਣ ਵਿਚ ਮਾਣ ਸਮਝਦੇ ਹਨ। ਜਿਨ੍ਹਾਂ ਦੀ ਇੱਜ਼ਤ ਸਾਈਂ ਜੀ ਕਰਦੇ ਹਨ, ਉਨ੍ਹਾਂ ਨੂੰ ਕਾਫ਼ਰ ਕਹਿਣਾ ਸੋਭਾ ਨਹੀਂ ਦਿੰਦਾ।" ਬੀਬੀ ਕੌਲਾਂ ਪਾਸੋਂ ਗੁਰੂ ਸਾਹਿਬਾਨ ਦੀ ਤਾਰੀਫ਼ ਸੁਣ ਕੇ ਕਾਜ਼ੀ ਨੇ ਉਸਨੂੰ ਬਹੁਤ ਮਾਰਿਆ ਤੇ ਕਿਹਾ, "ਮੈਂ ਨਹੀਂ ਚਾਹੁੰਦਾ ਕਿ ਤੂੰ ਕਦੇ ਭੁੱਲ ਕੇ ਵੀ ਇਨ੍ਹਾਂ ਕਾਫ਼ਰਾਂ ਦੀ ਬਾਣੀ ਪੜ੍ਹੇਂ।" ਬੀਬੀ ਕੌਲਾਂ ਨੇ ਰੋਂਦੇ ਰੋਂਦੇ ਕਿਹਾ, "ਮੈਂ ਇਹ ਬਾਣੀ ਪੜ੍ਹੇ ਬਿਨਾਂ ਨਹੀਂ ਰਹਿ ਸਕਦੀ, ਭਾਵੇਂ ਮੈਨੂੰ ਕੁੱਟ ਕੁੱਟ ਕੇ ਜਾਨੋਂ ਮਾਰ ਦੇਵੋ।"

ਕਾਜ਼ੀ ਰੁਸਤਮ ਖ਼ਾਨ ਨੇ ਹੋਰ ਕਾਜ਼ੀਆਂ ਨੂੰ ਜਾ ਕੇ ਪੁੱਛਿਆ, "ਕੌਲਾਂ ਮੇਰੇ ਮਾਰਨ ਉੱਪਰ ਵੀ ਕਾਫ਼ਰਾਂ ਦੀ ਬਾਣੀ ਪੜ੍ਹਨ ਤੋਂ ਨਹੀਂ ਹਟਦੀ। ਉਸਦਾ ਕਿਹੜਾ ਇਲਾਜ ਕੀਤਾ ਜਾਵੇ ?" ਉਨ੍ਹਾਂ ਨੇ ਕਿਹਾ, "ਕਾਫ਼ਰਾਂ ਦੀ ਤਾਰੀਫ਼ ਕਰਨਾ ਤੇ ਉਨ੍ਹਾਂ ਦੀ ਬਾਣੀ ਪੜ੍ਹਨਾ ਮੋਮਨਾਂ ਲਈ ਬਹੁਤ ਵੱਡਾ ਗੁਨਾਹ ਹੈ। ਇਸ ਗੁਨਾਹ ਲਈ ਕੌਲਾਂ ਨੂੰ ਕਤਲ ਕੀਤਾ ਜਾਣਾ ਚਾਹੀਦਾ ਹੈ।" ਸਾਈਂ ਮੀਆਂ ਮੀਰ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਨੇ ਬੀਬੀ ਕੌਲਾਂ ਨੂੰ 1626 ਈਸਵੀ ਵਿਚ ਅਬਦੁਲ ਯਾਰ ਸ਼ਾਹ ਰਾਹੀਂ ਅੰਮ੍ਰਿਤਸਰ ਗੁਰੂ-ਘਰ ਪਹੁੰਚਾ ਦਿੱਤਾ, ਜਿਥੇ ਨਿਆਸਰਿਆਂ ਨੂੰ ਆਸਰਾ ਮਿਲਦਾ ਸੀ। ਗੁਰੂ ਹਰਿਗੋਬਿੰਦ ਜੀ ਨੇ ਬੀਬੀ ਕੌਲਾਂ ਲਈ ਵੱਖਰੇ ਰਹਿਣ ਦਾ ਪ੍ਰਬੰਧ ਕਰ ਦਿੱਤਾ। ਬੀਬੀ ਕੌਲਾਂ ਨੂੰ ਅੰਮ੍ਰਿਤਸਰ ਵਿਚ ਕੋਈ ਡਰ ਨਹੀਂ ਸੀ ਕਿ ਕਾਜ਼ੀਆਂ ਦੇ ਹੁਕਮ ਨਾਲ ਉਸਨੂੰ ਕਤਲ ਕਰ ਦਿੱਤਾ ਜਾਵੇਗਾ। ਗੁਰੂ ਜੀ ਨੇ ਬੀਬੀ ਕੌਲਾਂ ਦੇ ਆਪਣੇ ਕੌਲ ਉੱਪਰ ਅਟੱਲ ਰਹਿਣ ਦੀ ਯਾਦ ਨੂੰ ਸਦਾ ਲਈ ਤਾਜ਼ਾ ਰੱਖਣ ਲਈ, 1627 ਈਸਵੀ ਵਿਚ ਕੌਲਸਰ ਨਾਂ ਦਾ ਸਰੋਵਰ ਬਣਵਾ ਦਿੱਤਾ। ਬੀਬੀ ਕੌਲਾਂ ਦਾ ਦਿਹਾਂਤ 1630 ਈਸਵੀ ਵਿਚ ਕਰਤਾਰਪੁਰ ਵਿਖੇ ਹੋਇਆ।

ਬੀਬੀ ਕੌਲਾਂ

Bibi Kaulan



Bibi Kaulan

Bibi (lady) Kaulan was the daughter of a Hindu family. Her real name was Kamla. Qazi Rustam Khan had bought her from her parents while she was a child. The Qazi gave her the education of Islam and sent her to Saint Mian Mir for higher schooling.


Saint Mian Mir was a sufi saint. He had no prejudice against any religion. He had very deep love with Guru Nanak's institution. It was usual for him to go to Amritsar to meet the Guru. Whenever the Guru visited Lahore, he never went back without seeing Saint Mian Mir. Due to these meetings, Saint Mian Mir knew a large number of Guru Nanak's verses by heart which he used to quote to his disciples. Bibi Kaulan also remembered some of the verses by heart which she used to recite by herself for her pleasure. Her attachment to the Guru's institution increased further when she saw the Guru and the Sikhs came from Amritsar to Lahore at the time of the plague epidemic and nursed the patients with their own hands.

One day, Qazi Rustam Khan heard Bibi Kaulan reciting Guru Nanak's verses at home. He rebuked her and said, "Do not recite these verses of the infidels in future." Bibi Kaulan said, "Dear father ! Saint Mian Mir bows in all humility to the man you call an infidel and thinks it a privilege to seat him by his side. It is unbecoming to call the man an infidel whom the Saint holds in such esteem." The Qazi gave a sound thrashing to Bibi Kaulan on hearing the praise of the Gurus from her and said, "I do not want that you recite the verses of these infidels even unintentionally." Between her sobs Bibi Kaulan said, "You may beat me to death but I cannot live without reciting these verses."

Qazi Rustam Khan went and asked other Qazis, "Kaulan persists with reciting the verses of the infidels inspite of my beating. What remedy should be adopted ?" They said, "It is a great sin for the Momins (believers of Islam) to praise the infidels and recite their word. Kaulan should be beheaded for this sin." When Saint Mian Mir heard about the decree of beheading of Bibi Kaulan, he sent her to the Guru's institution at Amritsar through Abdul Yaar Shah where the homeless were protected. Guru Hargobind made arrangement for separate accommodation for Bibi Kaulan. She had no fear at Amritsar of being killed by the order of the Qazis. To immortalize the memory of Bibi Kaulan's resolve to remain firm on her words, the Guru constructed a pool named Kaulsar in 1627 A.D. Bibi Kaulan died at Kartarpur in 1630 A.D.

ਸਿੱਖਾਂ ਦੀ ਪਹਿਲੀ ਜੰਗ

First Battle of the Sikhs



ਸਿੱਖਾਂ ਦੀ ਪਹਿਲੀ ਜੰਗ

8 ਨਵੰਬਰ, 1627 ਈਸਵੀ ਨੂੰ ਜਹਾਂਗੀਰ ਬਾਦਸ਼ਾਹ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹ ਜਹਾਨ 6 ਫ਼ਰਵਰੀ, 1628 ਈਸਵੀ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਉਸਨੇ ਤਖ਼ਤ ਸੰਭਾਲਣ ਪਿੱਛੋਂ ਐਲਾਨ ਕਰ ਦਿੱਤਾ, "ਇਸਲਾਮ ਤੋਂ ਬਿਨਾਂ ਕਿਸੇ ਹੋਰ ਧਰਮ ਦਾ ਪ੍ਰਚਾਰ ਨਾ ਕੀਤਾ ਜਾਵੇ। ਪਿਛਲੇ ਕੁਝ ਸਾਲਾਂ ਅੰਦਰ ਬਣੇ ਮੰਦਰ ਢਾਹ ਦਿੱਤੇ ਜਾਣ ਅਤੇ ਅੱਗੋਂ ਨਵੇਂ ਨਾ ਬਣਾਉਣ ਦਿੱਤੇ ਜਾਣ।" ਉਸ ਐਲਾਨ ਦੇ ਅਧੀਨ ਲਾਹੌਰ ਦੀ ਬਾਉਲੀ ਸਾਹਿਬ ਨੂੰ ਪੂਰ ਕੇ ਉਸ ਉੱਪਰ ਮਸੀਤ ਉਸਾਰ ਦਿੱਤੀ ਗਈ। ਇਸ ਘਟਨਾ ਨੇ ਸਿੱਖਾਂ ਨੂੰ ਅੰਮ੍ਰਿਤਸਰ ਦੀ ਰੱਖਿਆ ਕਰਨ ਲਈ ਤਿਆਰ ਕਰ ਦਿੱਤਾ।

ਇਕ ਦਿਨ ਸਿੱਖਾਂ ਦਾ ਇਕ ਜਥਾ, ਸ਼ਿਕਾਰ ਖੇਡਦਾ ਖੇਡਦਾ, ਲਾਹੌਰ ਦੇ ਨੇੜੇ ਉਥੇ ਪੁੱਜ ਗਿਆ, ਜਿਥੇ ਸ਼ਾਹੀ ਪਰਵਾਰ ਵੀ ਸ਼ਿਕਾਰ ਖੇਡ ਰਿਹਾ ਸੀ। ਸਿੱਖਾਂ ਨੇ ਇਕ ਸ਼ਿਕਾਰ ਮਗਰ ਆਪਣਾ ਬਾਜ਼ ਛੱਡਿਆ। ਦੂਜੇ ਪਾਸੇ ਤੋਂ ਸ਼ਾਹੀ ਸ਼ਿਕਾਰੀਆਂ ਵੀ ਆਪਣਾ ਬਾਜ਼ ਉਡਾ ਦਿੱਤਾ। ਸਿੱਖਾਂ ਦਾ ਬਾਜ਼ ਸ਼ਿਕਾਰ ਨੂੰ ਫੜ ਕੇ ਸਿੱਖਾਂ ਪਾਸ ਲੈ ਆਇਆ। ਸ਼ਾਹੀ ਬਾਜ਼ ਵੀ ਸ਼ਿਕਾਰ ਪਿੱਛੇ ਲੱਗਾ ਸਿੱਖਾਂ ਪਾਸ ਪੁੱਜ ਗਿਆ। ਸਿੱਖਾਂ ਨੇ ਸ਼ਾਹੀ ਬਾਜ਼ ਫੜ ਲਿਆ। ਸ਼ਾਹੀ ਸ਼ਿਕਾਰੀਆਂ ਨੇ ਆ ਕੇ ਆਪਣਾ ਬਾਜ਼ ਵਾਪਸ ਮੰਗਿਆ ਤਾਂ ਸਿੱਖਾਂ ਨੇ ਅੱਗੋਂ ਨਾਂਹ ਕਰ ਦਿੱਤੀ। ਸ਼ਾਹੀ ਸ਼ਿਕਾਰੀਆਂ ਨੇ ਲਾਹੌਰ ਦੇ ਗਵਰਨਰ ਕੁਲੀਜ ਖ਼ਾਨ ਨੂੰ ਜਾ ਕੇ ਦੱਸਿਆ। ਉਸਨੇ ਸਿੱਖਾਂ ਨੂੰ ਸੋਧਣ ਲਈ ਫ਼ੌਜਦਾਰ ਮੁਖ਼ਲਿਸ ਖ਼ਾਨ ਨੂੰ ਸੱਤ ਹਜ਼ਾਰ ਫ਼ੌਜ ਦੇ ਕੇ ਅੰਮ੍ਰਿਤਸਰ ਉਪਰ ਹਮਲਾ ਕਰਨ ਲਈ ਭੇਜ ਦਿੱਤਾ।

ਗੁਰੂ ਹਰਿਗੋਬਿੰਦ ਜੀ ਨੇ 15 ਮਈ, 1628 ਈਸਵੀ ਵਾਲੇ ਦਿਨ ਸ਼ਾਹੀ ਫ਼ੌਜ ਨੂੰ ਅੰਮ੍ਰਿਤਸਰ ਨੇੜੇ ਪੁੱਜਿਆ ਸੁਣ ਕੇ, ਆਪਣੇ ਜਰਨੈਲਾਂ ਨੂੰ ਮੋਰਚੇ ਸੰਭਾਲਣ ਦਾ ਹੁਕਮ ਕਰ ਦਿੱਤਾ। ਤੀਜੇ ਦਿਨ ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਦੀ ਸ਼ਾਦੀ ਸੀ, ਜਿਸਦੀ ਬਰਾਤ ਅੰਮ੍ਰਿਤਸਰ ਆ ਰਹੀ ਸੀ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਅਤੇ ਪਰਵਾਰ ਨੂੰ ਝਬਾਲ ਪਿੰਡ ਪਹੁੰਚਾ ਦਿੱਤਾ ਅਤੇ ਆ ਰਹੀ ਬਰਾਤ ਨੂੰ ਵੀ ਝਬਾਲ ਪੁੱਜਣ ਦਾ ਸੁਨੇਹਾ ਭੇਜ ਦਿੱਤਾ।

ਪਿੱਪਲੀ ਸਾਹਿਬ ਦੇ ਨੇੜੇ ਸ਼ਾਹੀ ਫ਼ੌਜ ਦਾ ਸਿੱਖਾਂ ਨਾਲ ਟਾਕਰਾ ਹੋ ਗਿਆ। ਦੋਹਾਂ ਪਾਸਿਆਂ ਦੇ ਸੂਰਮੇ ਆਪਣੇ ਆਪਣੇ ਜੌਹਰ ਦਿਖਾਉਣ ਲੱਗੇ। ਇਹ ਪੰਜਾਬ ਦੀ ਧਰਤੀ ਉੱਪਰ ਪਹਿਲੀ ਲੋਕ-ਜੰਗ ਸੀ, ਜਿਸ ਵਿਚ ਕਿਸੇ ਧਨ, ਧਰਤੀ ਜਾਂ ਹੋਰ ਦੁਨਿਆਵੀ ਪਦਾਰਥ ਦਾ ਰੌਲਾ ਨਹੀਂ ਸੀ। ਸਿਰਫ਼ ਸਿੱਖ ਆਪਣੀ ਆਜ਼ਾਦੀ ਅਤੇ ਅਣਖ ਲਈ ਸ਼ੀਸ ਤਲੀ ਉਪਰ ਧਰ ਕੇ, ਸਰਕਾਰ ਦੀਆਂ ਵਧੀਕੀਆਂ ਦੇ ਖ਼ਿਲਾਫ਼ ਮੈਦਾਨ ਵਿਚ ਨਿੱਤਰ ਆਏ ਸਨ। ਗੁਰੂ ਜੀ ਪਰਵਾਰ ਨੂੰ ਝਬਾਲ ਭੇਜਣ ਪਿੱਛੋਂ ਲੋਹਗੜ੍ਹ ਕਿਲ੍ਹੇ ਵਿਚ ਪੁੱਜ ਗਏ। ਉਨ੍ਹਾਂ ਨੇ ਸਿੱਖਾਂ ਨੂੰ ਪੱਥਰ-ਤੋਪ ਚਲਾਉਣ ਦਾ ਹੁਕਮ ਕਰ ਦਿੱਤਾ। ਉਹ ਤੋਪ ਖੇਮਕਰਨ ਦੇ ਤਰਖਾਣ ਮੋਹਰੀ ਨੇ ਇਕ ਸੁੱਕੇ ਹੋਏ ਦਰੱਖ਼ਤ ਨੂੰ ਕੱਟ ਕੇ ਬਣਾਈ ਸੀ। ਕਿਲ੍ਹੇ ਅੰਦਰੋਂ ਪੱਥਰਾਂ ਦੀ ਬਾਰਸ਼ ਨਾਲ ਜਦੋਂ ਸ਼ਾਹੀ ਫ਼ੌਜ ਦੇ ਪੈਰ ਉਖੜਨ ਲੱਗੇ ਤਾਂ ਮੁਖ਼ਲਿਸ ਖ਼ਾਨ ਨੇ ਵੰਗਾਰਿਆ, "ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਉਧਰ ਫ਼ਕੀਰਾਂ ਦਾ ਟੋਲਾ ਹੈ।" ਸ਼ਰਮ ਦੀ ਮਾਰੀ ਸ਼ਾਹੀ ਫ਼ੌਜ ਹਨੇਰਾ ਹੋਣ ਤਕ ਲੜਦੀ ਰਹੀ।

ਦੂਜੇ ਦਿਨ ਦੇ ਪਹਿਲੇ ਹੱਲੇ ਵਿਚ ਹੀ, ਪੈਂਦੇ ਖ਼ਾਨ ਨੇ ਕਿਲ੍ਹੇ ਤੋਂ ਬਾਹਰ ਨਿਕਲ ਕੇ ਮੁਖ਼ਲਿਸ ਖ਼ਾਨ ਦੇ ਸਾਥੀ ਦੀਦਾਰ ਅਲੀ ਨੂੰ ਮਾਰ ਮੁਕਾਇਆ। ਗੁਰੂ ਜੀ ਨੇ ਮੁਖ਼ਲਿਸ ਖ਼ਾਨ ਦੇ ਤਿੰਨ ਵਾਰ ਰੋਕ ਕੇ, ਖੰਡੇ ਦਾ ਅਜਿਹਾ ਵਾਰ ਕੀਤਾ, ਜਿਹੜਾ ਮੁਖ਼ਲਿਸ ਖ਼ਾਨ ਦੀ ਢਾਲ ਨੂੰ ਚੀਰਦਾ ਹੋਇਆ ਉਸਨੂੰ ਦੋ ਫਾੜ ਕਰ ਗਿਆ। ਆਗੂਆਂ ਨੂੰ ਮਰਿਆਂ ਦੇਖ ਕੇ ਸ਼ਾਹੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ। ਗੁਰੂ ਜੀ ਨੇ ਜੰਗ ਵਿਚ ਸ਼ਹੀਦ ਹੋਏ ਸਿੱਖਾਂ ਦੇ ਦਾਹ-ਸੰਸਕਾਰ ਕਰਨ ਪਿੱਛੋਂ, ਸਿੱਖਾਂ ਨੂੰ ਆਪਣੇ ਨਾਲ ਲਿਆ ਅਤੇ ਰਾਤ ਹੋਣ ਤਕ ਝਬਾਲ ਪਿੰਡ ਪੁੱਜ ਗਏ।

First Battle of the Sikhs

King Jahangir died on the 8th November, 1627 A.D. His son, Shah Jahan ascended the throne of India on the 6th February, 1628 A.D. After becoming the king, he issued a proclamation, "Preaching of any religion except Islam is banned. Temples constructed in the last few years be demolished and no new ones be constructed." In accordance with this proclamation, the step-well at Lahore was filled up and a mosque was constructed at the site. This happening alerted the Sikhs to be prepared to defend Amritsar.

One day a squad of Sikhs, while hunting, reached near Lahore where the royal family was also hunting. The Sikhs set their hawk in pursuit of a quarry. The royal hunters also released their hawk from the other side. The hawk of the Sikhs caught the prey and brought it to them. The royal hawk in pursuit of the prey also came to the Sikhs. The Sikhs caught the royal hawk. When the royal hunters came and demanded their hawk, the Sikhs refused. On return, the royal hunters told Kulij Khan, the governor of Lahore. To chastise the Sikhs, he despatched General Mukhlis Khan with an army of seven thousand to attack Amritsar.

On the 15th May, 1628 A.D., when the Guru heard of the arrival of the royal army, he ordered his generals to take up positions. The marriage of Bibi Viro, the daughter of the Guru, had been fixed for the third day and the marriage party was coming to Amritsar. The Guru sent the holy Granth and the family to village Chabhal and sent a message to the bridal procession to reach there.

The Sikhs and the royal army clashed near Pipli Sahib. The braves from both sides began to show their skills. This was the first battle on Punjab's soil in which there was no involvement of wealth, land or any worldly thing. The Sikhs had only come forward to fight the excesses of the rulers not caring for their lives for the sake of their freedom and honour. When the Guru reached Lohgarh fort, he ordered the Sikhs to fire the stone-cannon. That cannon had been made by Mohri, a carpenter of Khem Karan, from a dried tree. When the army started to retreat due to the rain of stones from the fort, Mukhlis Khan challenged, "You are the sons of brave men and there is only a band of fakirs (ascetics) on the other side." Out of shame, the royal army kept on fighting till dusk.

The next day, in the first attack, Painde Khan came out of the fort and made short work of Didar Ali, Mukhlis Khan's companion. The Guru after defending three blows from Mukhlis Khan's sword, inflicted such a blow on him with his double-edged sword that pierced his shield and split him into two. Seeing the end of their leaders, the royal army fled. After the cremation of the Sikhs who attained martyrdom in the battle, the Guru took the Sikhs with him and reached Chabhal by the fall of night.


ਸਿੱਖਾਂ ਦੀ ਦੂਜੀ ਜੰਗ

ਸ਼ਾਹ ਜਹਾਨ ਨੂੰ ਲਾਹੌਰ ਦੇ ਸੂਬੇਦਾਰ ਦੀ ਫ਼ੌਜ ਦੇ, ਸਿੱਖਾਂ ਪਾਸੋਂ ਹਾਰ ਜਾਣ ਦੀ ਖ਼ਬਰ ਆਗਰੇ ਮਿਲੀ ਤੇ ਉਸਨੂੰ ਗੁਰੂ-ਘਰ ਦੇ ਸ਼ਰਧਾਲੂ ਮੁਸਲਮਾਨਾਂ ਇਹ ਵੀ ਦੱਸਿਆ ਕਿ ਲਾਹੌਰ ਦੇ ਸੂਬੇਦਾਰ ਨੇ ਸਿੱਖਾਂ ਨੂੰ ਇਹ ਜੰਗ ਲੜਨ ਲਈ ਮਜਬੂਰ ਕੀਤਾ ਸੀ। ਉਨ੍ਹਾਂ ਦੇ ਗੁਰੂ ਤਾਂ ਆਪਣੀ ਲੜਕੀ ਦੀ ਸ਼ਾਦੀ ਦੇ ਪ੍ਰਬੰਧ ਵਿਚ ਰੁੱਝੇ ਹੋਏ ਸਨ। ਹੁਣ ਉਹ ਅੰਮ੍ਰਿਤਸਰ ਛੱਡ ਕੇ ਕਰਤਾਰਪੁਰ ਚਲੇ ਗਏ ਹਨ। ਵਜ਼ੀਰ ਖ਼ਾਨ ਨੇ ਬਾਦਸ਼ਾਹ ਨੂੰ ਕਿਹਾ, "ਲਾਹੌਰ ਦੇ ਸੂਬੇਦਾਰ ਨੇ ਇਕ ਬਾਜ਼ ਪਿੱਛੇ ਹਜ਼ਾਰਾਂ ਆਦਮੀ ਮਰਵਾ ਦਿੱਤੇ ਜਦੋਂ ਕਿ ਉਸ ਤਰ੍ਹਾਂ ਦੇ ਬਾਜ਼ ਹਜ਼ਾਰਾਂ ਇਕੱਠੇ ਕੀਤੇ ਜਾ ਸਕਦੇ ਹਨ।" ਇਹ ਸੁਣ ਕੇ ਬਾਦਸ਼ਾਹ ਨੇ ਲਾਹੌਰ ਦੇ ਸੂਬੇਦਾਰ ਕੁਲੀਜ ਖ਼ਾਨ ਨੂੰ ਹਟਾ ਕੇ ਇਨਾਇਤ-ਉੱਲਾ ਨੂੰ ਸੂਬੇਦਾਰ ਬਣਾਏ ਜਾਣ ਦਾ ਹੁਕਮ ਕਰ ਦਿੱਤਾ।

ਗੁਰੂ ਹਰਿਗੋਬਿੰਦ ਜੀ ਜੁਲਾਈ 1629 ਈਸਵੀ ਵਿਚ ਕਰਤਾਰਪੁਰ ਤੋਂ ਹਰਿਗੋਬਿੰਦਪੁਰ ਆਏ। ਇਹ ਪਿੰਡ ਗੁਰੂ ਅਰਜਨ ਦੇਵ ਜੀ ਨੇ 1587 ਈਸਵੀ ਵਿਚ ਦਰਿਆ ਬਿਆਸ ਦੇ ਕੰਢੇ, ਉੱਚੀ ਥਾਂ ਦੇਖ ਕੇ ਵਸਾਇਆ ਸੀ। ਭਗਵਾਨ ਦਾਸ ਘੇਰੜ ਇਸ ਪਿੰਡ ਦਾ ਮੁਆਮਲਾ ਇਕੱਠਾ ਕਰ ਕੇ ਜਲੰਧਰ ਪਹੁੰਚਾਇਆ ਕਰਦਾ ਸੀ। ਉਹ ਚੰਦੂ ਦਾ ਰਿਸ਼ਤੇਦਾਰ ਅਤੇ ਜਲੰਧਰ ਦੇ ਫ਼ੌਜਦਾਰ ਦਾ ਚੰਗਾ ਮਿੱਤਰ ਸੀ। ਇਕ ਦਿਨ ਉਹ ਆਪਣੇ ਨਾਲ ਪੰਜ ਸੱਤ ਗੁੰਡੇ ਲੈ ਆਇਆ ਅਤੇ ਗੁਰੂ ਜੀ ਨੂੰ ਪਿੰਡ ਵਿਚੋਂ ਕੱਢਣ ਲਈ ਸ਼ਾਹੀ ਰੋਹਬ ਦਿਖਾਉਣ ਲੱਗਾ। ਸਿੱਖਾਂ ਪਾਸੋਂ ਇਹ ਬਰਦਾਸ਼ਤ ਨਾ ਹੋਇਆ। ਉਨ੍ਹਾਂ ਨੇ ਉਸਦਾ ਸਿਰ ਧੜ ਨਾਲੋਂ ਅਲੱਗ ਕਰ ਕੇ ਦਰਿਆ ਬਿਆਸ ਵਿਚ ਰੋੜ੍ਹ ਦਿੱਤਾ। ਉਸਦੇ ਨਾਲ ਆਏ ਗੁੰਡਿਆਂ ਨੇ ਉਸਦੇ ਪੁੱਤਰ ਰਤਨ ਚੰਦ ਨੂੰ ਜਾ ਕੇ ਦੱਸਿਆ।

ਰਤਨ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖ਼ਾਨ ਪਾਸ ਜਾ ਕੇ ਫ਼ਰਿਆਦ ਕੀਤੀ। ਉਸ ਨੇ ਚਾਰ ਹਜ਼ਾਰ ਫ਼ੌਜ ਲੈ ਕੇ ਹਰਿਗੋਬਿੰਦਪੁਰ ਉੱਪਰ ਚੜ੍ਹਾਈ ਕਰ ਦਿੱਤੀ। ਗੁਰੂ ਜੀ ਨੇ ਸ਼ਾਹੀ ਫ਼ੌਜ ਦੇ ਆਉਣ ਦਾ ਪਤਾ ਲੱਗਣ 'ਤੇ ਸਿੱਖਾਂ ਨੂੰ ਮੋਰਚਿਆਂ ਵਿਚ ਡਟ ਜਾਣ ਦੇ ਹੁਕਮ ਕਰ ਦਿੱਤੇ। ਸ਼ਾਹੀ ਫ਼ੌਜ ਦੇ ਆਉਣ ਦਾ ਸਿੱਖਾਂ ਨੇ ਤੀਰਾਂ ਨਾਲ ਸਵਾਗਤ ਕੀਤਾ। ਗੁਰੂ ਦੇ ਸੂਰਮੇ ਇਸ ਧਰਮ ਯੁੱਧ ਵਿਚ ਮੋਰਾਂ ਵਾਂਗ ਪੈਲਾਂ ਪਾਉਂਦੇ ਸ਼ਸਤਰ ਚਲਾ ਰਹੇ ਸਨ ਅਤੇ ਸ਼ਾਹੀ ਫ਼ੌਜ ਦੇ ਜਵਾਨ ਜਾਨ ਬਚਾਉਣ ਲਈ ਲੁਕਦੇ ਫਿਰਦੇ ਸਨ, ਜਿਵੇਂ ਸਰਦੀਆਂ ਵਿਚ ਸੱਪ ਠੰਢ ਤੋਂ ਡਰਦੇ ਲੁਕਦੇ ਹਨ। ਪਹਿਲੇ ਦਿਨ ਦੀ ਜੰਗ ਤੋਂ ਹੀ ਫ਼ੌਜਦਾਰ ਨੂੰ ਪਤਾ ਲੱਗ ਗਿਆ ਕਿ ਸਿੱਖਾਂ ਨੂੰ ਜਿੱਤਣਾ ਕੋਈ ਸੌਖਾ ਨਹੀਂ ਸੀ।

ਦੂਜੇ ਦਿਨ ਦਾ ਯੁੱਧ ਸ਼ੁਰੂ ਹੋਇਆ ਤਾਂ ਅਬਦੁੱਲਾ ਖ਼ਾਨ ਨੇ ਸਿੱਖਾਂ ਨੂੰ ਸ਼ਸਤਰ ਚਲਾਉਂਦੇ ਦੇਖ ਕੇ ਕਿਹਾ, "ਅਸੀਂ ਤਾਂ ਇਨ੍ਹਾਂ ਸਿੱਖਾਂ ਨੂੰ ਨਾਈ, ਛੀਂਬੇ ਤੇ ਜੱਟ ਹੀ ਸਮਝਦੇ ਸੀ, ਪਰ ਇਹ ਤਾਂ ਯੋਧੇ ਨਿਕਲੇ।" ਅਬਦੁੱਲਾ ਖ਼ਾਨ ਨੂੰ ਜੰਗ ਵਿਚ ਆਪਣੇ ਦੋਵੇਂ ਪੁੱਤਰ ਨਬੀ ਬਖ਼ਸ਼ ਤੇ ਕਰੀਮ ਬਖ਼ਸ਼ ਦੇ ਮਰਨ ਪਿੱਛੋਂ ਐਸਾ ਰੋਹ ਚੜ੍ਹਿਆ ਕਿ ਉਹ ਫ਼ੌਜਾਂ ਨੂੰ ਚੀਰਦਾ ਗੁਰੂ ਜੀ ਦੇ ਸਾਹਮਣੇ ਆ ਗਿਆ ਤੇ ਗੁਰੂ ਜੀ ਉੱਪਰ ਅੰਨ੍ਹੇਵਾਹ ਵਾਰ ਕਰਨ ਲੱਗਾ। ਗੁਰੂ ਜੀ ਉਸਦੇ ਵਾਰ ਢਾਲ ਉੱਪਰ ਰੋਕਦੇ ਰਹੇ ਤੇ ਫਿਰ ਉਨ੍ਹਾਂ ਨੇ ਖੰਡੇ ਦਾ ਇਕ ਐਸਾ ਵਾਰ ਕੀਤਾ ਕਿ ਅਬਦੁੱਲਾ ਖ਼ਾਨ ਦੋ ਟੁਕੜੇ ਹੋ ਕੇ ਜ਼ਮੀਨ ਉੱਪਰ ਡਿੱਗ ਪਿਆ। ਉਸ ਪਿੱਛੋਂ ਚੰਦੂ ਦਾ ਪੁੱਤਰ ਕਰਮ ਚੰਦ ਗੁਰੂ ਜੀ ਦੇ ਸਾਹਮਣੇ ਆ ਗਿਆ। ਤਲਵਾਰਾਂ ਦੇ ਵਾਰ ਹੋਣ ਲੱਗੇ। ਗੁਰੂ ਜੀ ਦੀ ਤਲਵਾਰ ਟੁੱਟ ਗਈ। ਉਨ੍ਹਾਂ ਨੇ ਕਰਮ ਚੰਦ ਨੂੰ ਪਟਕਾ ਕੇ ਜ਼ਮੀਨ ਉੱਪਰ ਮਾਰਿਆ, ਜਿਸ ਨਾਲ ਉਸਦੇ ਪ੍ਰਾਣ ਨਿਕਲ ਗਏ। ਉਸ ਦੇ ਮਰਨ ਨਾਲ ਸਿੱਖਾਂ ਦੀ ਜਿੱਤ ਹੋ ਗਈ। ਇਹ ਜੰਗ ਸਤੰਬਰ 1629 ਈਸਵੀ ਵਿਚ ਹੋਈ।


ਸਿੱਖਾਂ ਦੀ ਦੂਜੀ ਜੰਗ
Battle of the Sikhs


Second Battle of the Sikhs

Shah Jahan received the news of the defeat of the army of the governor of Lahore at Agra and was also informed by the Muslims who had reverence for the Guru's institution, "The governor of Lahore forced the battle on the Sikhs. Their Guru was busy with the arrangements for the marriage of his daughter. Now he has left Amritsar and gone to Kartarpur." Wazir Khan said to the King, "The governor of Lahore has got thousands of men killed for a hawk whereas thousands of such hawks can be collected." Hearing this, the King ordered removal of Kulij Khan from governorship of Lahore and appointed Anait Ulah in his place.

Guru Hargobind came to Hargobindpur from Kartarpur in July, 1629 A.D. This village had been colonised by Guru Arjan Dev on the bank of river Beas in 1587 A.D., on an elevated spot. Bhagwan Dass Gherar used to collect land revenue of the village and send it to Jalandhar. He was a relative of Chandu and a good friend of the commander of Jalandhar. One day he brought some hooligans with him and began to intimidate the Guru with royal threats to leave the village. The Sikhs could not bear it. They severed his head and threw it in the river Beas. The hooligans who were accompanying him, went and told his son, Rattan Chand about it.

Rattan Chand went to Jalandhar and complained to Abdulla Khan, the commander. He marched on Hargobindpur with an army of four thousand. On coming to know of the arrival of the royal army, the Guru ordered the Sikhs to take up positions. The Sikhs welcomed the royal army with arrows. The brave warriors of the Guru were wielding their weapons in this crusade as peacocks dance at the approach of rainy season. On the other hand, the royal army soldiers were hiding to save their lives in the way, snakes hide to avoid cold in winter. From the first day's battle, Commander realised that it was not easy to defeat the Sikhs.

When the battle was resumed on the second day, Abdulla Khan, seeing the Sikhs wielding their weapons, said, "We were taking these Sikhs to be barbers, tailors and farmers, but they have turned out to be warriors." Abdulla Khan was incensed to such an extent by the death of his two sons, Nabi Bakhsh and Karim Bakhsh in the battle that tearing through the armies he came before the Guru and started attacking him blindly. The Guru kept on checking his blows on his shield and retaliated with such a blow of his double-edged sword that Abdulla Khan was cut in two and fell to the ground. Then Chandu's son, Karam Chand, came before the Guru and they began to use swords. The Guru's sword broke. The Guru lifted Karam Chand and banged his head to the ground with which he died. His death resulted in victory for the Sikhs. This battle was fought in September 1629 A.D.



ਬਾਬਾ ਸਿਰੀ ਚੰਦ ਨਾਲ ਮਿਲਾਪ Meeting with Baba Sri Chand

ਬਾਬਾ ਸਿਰੀ ਚੰਦ ਨਾਲ ਮਿਲਾਪ

ਸ਼ਾਹ ਜਹਾਨ ਨੂੰ ਜਲੰਧਰ ਦੇ ਫ਼ੌਜਦਾਰ ਦੀ ਮੌਤ ਤੇ ਉਸਦੀ ਫ਼ੌਜ ਦੀ ਸਿੱਖਾਂ ਪਾਸੋਂ ਹਾਰ ਦੀ ਖ਼ਬਰ ਆਗਰੇ ਪੁੱਜ ਗਈ। ਉਸਨੇ ਵਜ਼ੀਰ ਖ਼ਾਨ ਨੂੰ ਕਿਹਾ, "ਸਿੱਖਾਂ ਦੇ ਗੁਰੂ ਨੂੰ ਵੱਡੀ ਫ਼ੌਜ ਲਿਜਾ ਕੇ ਖ਼ਤਮ ਕਰ ਦਿੱਤਾ ਜਾਵੇ।" ਵਜ਼ੀਰ ਖ਼ਾਨ ਨੇ ਉੱਤਰ ਦਿੱਤਾ, "ਆਪ ਦੇ ਹੁਕਮ ਦੀ ਪਾਲਣਾ ਕਰਨ ਲਈ ਮੈਂ ਸਦਾ ਤਿਆਰ ਹਾਂ, ਪਰ ਇਹ ਜੰਗ ਇਕ ਮਸੀਤ ਬਣਾਉਣ ਪਿੱਛੇ ਹੋਈ ਸੀ, ਜਿਹੜੀ ਸਿੱਖਾਂ ਦੇ ਗੁਰੂ, ਹਰਿਗੋਬਿੰਦਪੁਰ ਵਿਚ ਆਪਣੇ ਮੁਸਲਮਾਨ ਤੇ ਪਠਾਣ ਫ਼ੌਜੀਆਂ ਤੇ ਹੋਰ ਸ਼ਰਧਾਲੂਆਂ ਲਈ ਬਣਵਾ ਰਹੇ ਸਨ। ਉਸ ਮਸੀਤ ਦੀ ਉਸਾਰੀ ਵਿਚ ਭਗਵਾਨ ਦਾਸ ਘੇਰੜ ਰੋਕ ਪਾ ਰਿਹਾ ਸੀ। ਗੁਰੂ ਜੀ ਦੇ ਸਮਝਾਉਣ ਉੱਪਰ ਉਹ ਝਗੜਾ ਕਰਨ ਲੱਗਾ। ਸਿੱਖਾਂ ਪਾਸੋਂ ਇਹ ਸਹਾਰਿਆ ਨਾ ਗਿਆ। ਉਨ੍ਹਾਂ ਨੇ ਭਗਵਾਨ ਦਾਸ ਨੂੰ ਦਰਿਆ ਵਿਚ ਸੁੱਟ ਦਿੱਤਾ।" ਸ਼ਾਹ ਜਹਾਨ ਨੇ ਜਦੋਂ ਸੁਣਿਆ ਕਿ ਉਹ ਜੰਗ ਇਕ ਮਸੀਤ ਬਣਾਉਣ ਪਿੱਛੇ ਹੋਈ ਸੀ ਤਾਂ ਉਸਨੇ ਜਲੰਧਰ ਦੇ ਫ਼ੌਜਦਾਰ ਦੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਕਰ ਦਿੱਤਾ।

ਗੁਰੂ ਜੀ ਨੇ ਜੰਗ ਖ਼ਤਮ ਹੋਣ ਪਿੱਛੋਂ ਭਗਵਾਨ ਦਾਸ ਦੇ ਘਰ ਨੂੰ ਵੀ ਮਸੀਤ ਵਿਚ ਬਦਲ ਦਿੱਤਾ। ਸ਼ਾਹ ਜਹਾਨ ਦੇ ਵਿਚਾਰਾਂ ਦਾ ਪਤਾ ਲੱਗਣ 'ਤੇ ਉਨ੍ਹਾਂ ਨੇ ਦੇਸ਼ ਦਾ ਦੌਰਾ ਸ਼ੁਰੂ ਕਰ ਦਿੱਤਾ। ਗੁਰੂ ਜੀ ਹਰਿਗੋਬਿੰਦਪੁਰ ਤੋਂ ਚਲ ਕੇ ਅੰਮ੍ਰਿਤਸਰ ਪੁੱਜੇ, ਜਿੱਥੇ ਉਨ੍ਹਾਂ ਨੂੰ ਬਾਬਾ ਬੁੱਢਾ ਜੀ ਦਾ ਸੁਨੇਹਾ ਮਿਲਿਆ, "ਸਾਡਾ ਅੰਤਮ ਸਮਾਂ ਨੇੜੇ ਆ ਗਿਆ ਹੈ, ਇਸ ਲਈ ਆ ਕੇ ਦਰਸ਼ਨ ਦੇ ਜਾਵੋ।" ਗੁਰੂ ਜੀ ਅੰਮ੍ਰਿਤਸਰ ਤੋਂ ਰਮਦਾਸ ਪੁੱਜੇ। ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਦੀਦਾਰ ਕਰਨ ਪਿੱਛੋਂ ਸਰੀਰ ਤਿਆਗ ਦਿੱਤਾ। ਗੁਰੂ ਜੀ ਰਮਦਾਸ ਤੋਂ ਕਰਤਾਰਪੁਰ, ਰਾਵੀ ਕੰਢੇ ਪੁੱਜੇ, ਜਿਥੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਸਿਰੀ ਚੰਦ ਜੀ ਉਦਾਸੀ ਬਾਣੇ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਹ ਉਦਾਸੀਆਂ ਵਾਲਾ ਬਾਣਾ ਬਾਬਾ ਸਿਰੀ ਚੰਦ ਨੇ 1521 ਈਸਵੀ ਵਿਚ ਅਪਣਾ ਲਿਆ ਸੀ, ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਧਾਰਨ ਕੀਤਾ ਸੀ ਤੇ 1521 ਈਸਵੀ ਵਿਚ ਕਰਤਾਰਪੁਰ ਵਸਾਉਣ ਸਮੇਂ ਉਤਾਰ ਦਿੱਤਾ ਸੀ।

ਗੁਰੂ ਹਰਿਗੋਬਿੰਦ ਜੀ ਦੇ ਕਰਤਾਰਪੁਰ ਪੁੱਜਣ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਸਨ, ਜਿਨ੍ਹਾਂ ਦਾ ਮੁਹਾਂਦਰਾ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ ਸੀ। ਉਨ੍ਹਾਂ ਨੂੰ ਦੇਖ ਕੇ ਬਾਬਾ ਸਿਰੀ ਚੰਦ ਜੀ ਬਹੁਤ ਹੈਰਾਨ ਹੋਏ। ਬਾਬਾ ਸਿਰੀ ਚੰਦ ਨੇ ਗੁਰੂ ਜੀ ਨੂੰ ਪੁੱਛਿਆ, "ਆਪਦੇ ਕਿੰਨੇ ਪੁੱਤਰ ਹਨ ?" ਗੁਰੂ ਜੀ ਨੇ ਉੱਤਰ ਦਿੱਤਾ, "ਪੰਜ ਸਨ। ਇਕ ਪੁੱਤਰ ਬਾਬਾ ਅਟੱਲ ਨੌਂ ਸਾਲਾਂ ਦੀ ਉਮਰ ਵਿਚ ਚੜ੍ਹਾਈ ਕਰ ਗਿਆ ਸੀ। ਉਸਨੇ ਆਪਣੇ ਇਕ ਸਾਥੀ ਨੂੰ ਜ਼ਿੰਦਾ ਕਰ ਦਿੱਤਾ ਸੀ, ਜਿਹੜਾ ਸੱਪ ਲੜ ਜਾਣ ਨਾਲ ਮਰ ਗਿਆ ਸੀ। ਗੁਰੂ-ਘਰ ਵਿਚ ਕਰਾਮਾਤ ਦਿਖਾਉਣਾ ਪਰਮਾਤਮਾ ਦਾ ਸ਼ਰੀਕ ਬਣਨਾ ਹੈ। ਮੇਰੇ ਕਹਿਣ ਉੱਪਰ ਉਨ੍ਹਾਂ ਸਰੀਰ ਤਿਆਗ ਦਿੱਤਾ ਸੀ।"

ਬਾਬਾ ਸਿਰੀ ਚੰਦ ਨੇ ਕਿਹਾ, "ਕੋਈ ਪੁੱਤਰ ਬਾਬੇ ਦਾ ਵੀ ਹੈ ?" ਗੁਰੂ ਜੀ ਨੇ ਕਿਹਾ, "ਸਾਰੇ ਆਪਦੇ ਹਨ।" ਗੁਰੂ ਜੀ ਦਾ ਉੱਤਰ ਸੁਣ ਕੇ ਬਾਬਾ ਸਿਰੀ ਚੰਦ ਨੇ ਕਿਹਾ, "ਇਹ ਪੁੱਤਰ ਸਾਨੂੰ ਦੇ ਦੇਵੋ।" ਗੁਰੂ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਉਨ੍ਹਾਂ ਅੱਗੇ ਹਾਜ਼ਰ ਕਰ ਦਿੱਤਾ। ਬਾਬਾ ਸਿਰੀ ਚੰਦ ਨੇ ਆਪਣੀ ਉਦਾਸੀਆਂ ਦੀ ਸੰਪਰਦਾ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਦਿੱਤੀ। ਇਸ ਤਰ੍ਹਾਂ ਉਦਾਸੀ ਸੰਪਰਦਾ ਵੀ ਗੁਰੂ-ਘਰ ਨਾਲ ਮਿਲ ਗਈ। ਇਹ ਉਦਾਸੀ ਸੰਪਰਦਾ ਹੀ ਸੀ, ਜਿਸਨੇ ਗੁਰਧਾਮਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਔਖੇ ਸਮਿਆਂ ਵਿਚ ਨਿਭਾਈ ਤੇ ਸਿੱਖੀ ਪ੍ਰਚਾਰ ਜਾਰੀ ਰੱਖਿਆ।

Meeting with Baba Sri Chand

The news of the death of the Commander of Jalandhar and defeat of his army at the hands of the Sikhs reached Shah Jahan at Agra. He said to Wazir Khan, "A large army be sent and the Sikh Guru be finished." Wazir Khan replied, "I am always ready to carry out your command but the cause of this battle was mosque which the Guru was getting constructed at Hargobindpur for his Muslim and Pathan soldiers and other Muslim disciples. Bhagwan Dass Gherar was creating hinderance in the construction of that mosque. When the Guru tried to convince him, he started a quarrel. The Sikhs could not tolerate that. They threw Bhagwan Dass into the river." When Shah Jahan heard that the battle was fought over the construction of a mosque, he ordered confiscation of the property of the Commander of Jalandhar.

At the end of the battle, the Guru converted the house of Bhagwan Dass also into a mosque. Having come to know of the views of Shah Jahan, he started a tour of the country. From Hargobindpur, the Guru reached Amritsar where he received a message from Baba Budha, "My end is drawing near. Please come and favour me with an audience." From Amritsar, the Guru reached Ramdas. After beholding the Guru, Baba Budha left for his heavenly abode. From Ramdas, the Guru reached Kartarpur on the banks of river Ravi where Sri Chand, the elder son of Guru Nanak was living in the garb of Udasi Saint and was preaching Sikh thoughts. Baba Sri Chand had donned this attire of the Udasis in 1521 A.D. which had been adopted by Guru Nanak during his long journeys (Udasis) and was discarded in 1521 A.D. at the time of colonisation of Kartarpur.

At the time of visit to Kartarpur, Guru Hargobind was accompanied by his elder son, Baba Gurditta, whose face had a resemblance to the face of Guru Nanak. Baba Sri Chand was greatly surprised to see him. He asked the Guru, "How many sons have you ?" The Guru replied, "There were five. One son, Baba Attal died at the age of nine. He had revived one of his companions who had died of snake-bite. In the Guru's institution, to show a miracle is to become a rival of God. He had given up his life at my bidding."

Baba Sri Chand said, "Does any of the sons belong to the Baba ?" The Guru replied, "All are yours." At this reply of the Guru, Baba Sri Chand said, "Give this son to me." The Guru presented Baba Gurditta to him. Baba Sri Chand entrusted the leadership of his Udasi sect to Baba Gurditta. In this way, the Udasi sect also united with the Guru's institution. It was this Udasi sect which carried out the responsibility of the upkeep of Sikh institutions during hard times and continued the preaching of Sikhism.

ਸਿੱਖਾਂ ਦੀ ਤੀਜੀ ਜੰਗ

ਗੁਰੂ ਹਰਿਗੋਬਿੰਦ ਜੀ ਬਾਬਾ ਸਿਰੀ ਚੰਦ ਨੂੰ ਮਿਲਣ ਪਿੱਛੋਂ ਮਾਲਵੇ ਵੱਲ ਨੂੰ ਚਲ ਪਏ। ਗੁਰੂ ਜੀ ਰਸਤੇ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਪਿੰਡ ਸੁਧਾਰ ਪੁੱਜੇ। ਇੱਥੇ ਕਾਬਲ ਤੋਂ ਆਈ ਸੰਗਤ ਆ ਮਿਲੀ। ਸੰਗਤਾਂ ਦੇ ਦਰਸ਼ਨ ਕਰਨ ਪਿੱਛੋਂ ਕਾਬਲ ਤੋਂ ਆਏ ਭਾਈ ਕਰੋੜੀ ਜੀ ਨੇ ਬੇਨਤੀ ਕੀਤੀ, "ਗੁਰੂ ਜੀ, ਮੈਂ ਆਪ ਦੀ ਭੇਟ ਦੋ ਵਧੀਆ ਘੋੜੇ ਕਾਬਲ ਤੋਂ ਲੈ ਕੇ ਆ ਰਿਹਾ ਸੀ। ਜਦੋਂ ਮੈਂ ਲਾਹੌਰ ਸ਼ਹਿਰ ਅੰਦਰ ਦਾਖ਼ਲ ਹੋਇਆ ਤਾਂ ਲਾਹੌਰ ਦੇ ਸੂਬੇਦਾਰ ਇਨਾਇਤ-ਉੱਲਾ ਦੀ ਨਜ਼ਰ ਉਨ੍ਹਾਂ ਉੱਪਰ ਪੈ ਗਈ। ਉਸਨੇ ਮੇਰੇ ਪਾਸੋਂ ਘੋੜਿਆਂ ਦਾ ਮੁੱਲ ਪੁੱਛਿਆ। ਮੈਂ ਉਸਨੂੰ ਦੱਸਿਆ ਕਿ ਉਹ ਘੋੜੇ ਵੇਚਣ ਲਈ ਨਹੀਂ ਸਨ। ਉਸਨੇ ਮੇਰੇ ਪਾਸੋਂ ਉਹ ਦੋਵੇਂ ਘੋੜੇ ਜ਼ਬਰਦਸਤੀ ਖੋਹ ਲਏ।"


ਗੁਰੂ ਜੀ ਨੇ ਭਾਈ ਕਰੋੜੀ ਨੂੰ ਕਿਹਾ, "ਤੇਰੀ ਭੇਟਾ ਸਾਡੇ ਪਾਸ ਪੁੱਜ ਗਈ ਹੈ। ਅਸੀਂ ਸੂਬੇਦਾਰ ਪਾਸੋਂ ਘੋੜੇ ਆਪੇ ਲੈ ਲਵਾਂਗੇ।" ਗੁਰੂ ਜੀ ਨੇ ਗੁਰੂ-ਘਰ ਵਿਚ ਸੇਵਾ ਕਰ ਰਹੇ ਭਾਈ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ, ਜਿਹੜਾ ਗੁਰੂ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਬੜਾ ਵੱਡਾ ਧਾੜਵੀ ਰਹਿ ਚੁੱਕਿਆ ਸੀ। ਗੁਰੂ ਜੀ ਨੇ ਉਸਨੂੰ ਅਸ਼ੀਰਵਾਦ ਦੇ ਕੇ, ਲਾਹੌਰੋਂ ਉਹ ਘੋੜੇ ਵਾਪਸ ਲੈ ਕੇ ਆਉਣ ਲਈ ਤੋਰ ਦਿੱਤਾ।

ਭਾਈ ਬਿਧੀ ਚੰਦ ਨੇ ਲਾਹੌਰ ਪੁੱਜ ਕੇ ਇੱਕ ਘਾਹੀ ਦਾ ਭੇਸ ਬਣਾ ਲਿਆ ਤੇ ਇੱਕ ਬੜੇ ਸੋਹਣੇ ਘਾਹ ਦੀ ਪੰਡ ਲੈ ਕੇ, ਸ਼ਾਹੀ ਤਬੇਲੇ ਅੱਗੇ ਵੇਚਣ ਲਈ ਖੜਾ ਹੋ ਗਿਆ। ਦਰੋਗੇ ਨੇ ਉਸਨੂੰ ਚੰਗਾ ਘਾਹੀ ਸਮਝ ਕੇ ਘੋੜਿਆਂ ਦੀ ਦੇਖ-ਭਾਲ ਲਈ ਤਬੇਲੇ ਵਿਚ ਨੌਕਰ ਰੱਖ ਲਿਆ। ਇੱਕ ਅੰਨ੍ਹੇਰੀ ਰਾਤ ਨੂੰ ਭਾਈ ਬਿਧੀ ਚੰਦ ਨੇ ਪਹਿਰੇਦਾਰਾਂ ਨੂੰ ਸ਼ਰਾਬ ਪਿਲਾ ਕੇ ਬੇਹੋਸ਼ ਕਰਨ ਪਿੱਛੋਂ, ਇੱਕ ਘੋੜੇ ਨੂੰ ਕਿਲ੍ਹੇ ਦੀ ਕੰਧ ਟਪਾ ਕੇ ਗੁਰੂ ਜੀ ਪਾਸ ਲੈ ਆਇਆ। ਦੂਜੇ ਘੋੜੇ ਨੂੰ ਚੋਰੀ ਕਰਨ ਲਈ ਭਾਈ ਬਿਧੀ ਚੰਦ ਨੇ ਇੱਕ ਜੋਤਸ਼ੀ ਦਾ ਭੇਸ ਬਣਾ ਕੇ ਕਿਲ੍ਹੇ ਦੇ ਦਰੋਗੇ ਨੂੰ ਜਾ ਕੇ ਕਿਹਾ, "ਮੈਂ ਦੱਸ ਸਕਦਾ ਹਾਂ ਕਿ ਤੁਸਾਂ ਦਾ ਘੋੜਾ ਕਿੱਥੇ ਹੈ, ਜੇ ਤੁਸੀਂ ਮੈਨੂੰ ਉਹ ਥਾਂ ਦਿਖਾ ਦੇਵੋ ਜਿੱਥੋਂ ਘੋੜਾ ਚੋਰੀ ਹੋਇਆ ਸੀ।" ਦਰੋਗਾ ਭਾਈ ਬਿਧੀ ਚੰਦ ਨੂੰ ਤਬੇਲੇ ਅੰਦਰ ਲੈ ਗਿਆ। ਭਾਈ ਬਿਧੀ ਚੰਦ ਨੇ ਦੂਜੇ ਘੋੜੇ ਉੱਪਰ ਬੈਠ ਕੇ ਕਿਲ੍ਹੇ ਦੀ ਕੰਧ ਕੋਲ ਲਿਜਾ ਕੇ ਕਿਹਾ, "ਪਹਿਲਾ ਘੋੜਾ ਵੀ ਮੈਂ ਲੈ ਕੇ ਗਿਆ ਸੀ ਤੇ ਦੂਜਾ ਵੀ ਗੁਰੂ ਹਰਿਗੋਬਿੰਦ ਜੀ ਪਾਸ ਲਿਜਾ ਰਿਹਾ ਹਾਂ।" ਇਹ ਕਹਿ ਕੇ ਉਸਨੇ ਘੋੜੇ ਨੂੰ ਦਰਿਆ ਰਾਵੀ ਵਿਚ ਛਾਲ ਮਰਵਾ ਦਿੱਤੀ।

ਸੂਬੇਦਾਰ ਨੇ ਘੋੜਿਆਂ ਦੀ ਸੂਹ ਮਿਲਣ ਉੱਪਰ ਲੱਲਾ ਬੇਗ ਤੇ ਕਮਰ ਬੇਗ ਨੂੰ ਦਸ ਹਜ਼ਾਰ ਫ਼ੌਜ ਦੇ ਕੇ ਸਿੱਖਾਂ ਦੇ ਗੁਰੂ ਪਾਸੋਂ ਘੋੜੇ ਵਾਪਸ ਲੈ ਕੇ ਆਉਣ ਲਈ ਭੇਜ ਦਿੱਤਾ। ਰਸਤੇ ਵਿਚ ਕਾਬਲੀ ਬੇਗ ਵੀ ਉਨ੍ਹਾਂ ਨਾਲ ਮਿਲ ਗਿਆ। ਗੁਰੂ ਜੀ ਨੇ ਸ਼ਾਹੀ ਫ਼ੌਜ ਦਾ ਆਉਣਾ ਸੁਣ ਕੇ ਨਥਾਣੇ ਪਿੰਡ ਦੇ ਨੇੜੇ, ਪਾਣੀ ਦੀ ਢਾਬ ਦੇ ਪਾਸ ਮੋਰਚੇ ਲਗਾ ਲਏ, ਜਿਸਦੇ ਤਿੰਨ ਪਾਸਿਆਂ ਵੱਲ ਕੁਦਰਤੀ ਕਿਲ੍ਹਿਆਂ ਵਰਗੇ ਵੱਡੇ ਵੱਡੇ ਟਿੱਬੇ ਸਨ। ਸ਼ਾਹੀ ਫ਼ੌਜ ਬੜੀ ਜਲਦੀ ਢਾਬ ਦੇ ਨੇੜੇ ਪੁੱਜ ਗਈ, ਪਰ ਬਾਰਸ਼ਾਂ ਹੋਣ ਕਾਰਨ ਉਨ੍ਹਾਂ ਨੂੰ ਰਸਦ ਪਾਣੀ ਨਾ ਪੁੱਜਿਆਂ। ਸ਼ਾਹੀ ਫ਼ੌਜੀਆਂ ਨੇ ਪਿਆਸ ਮਿਟਾਉਣ ਲਈ ਖੂਹਾਂ ਦਾ ਪਾਣੀ ਪੀਣਾ ਸ਼ੁਰੂ ਕਰ ਦਿੱਤਾ। ਖੂਹਾਂ ਦੇ ਖਾਰੇ ਪਾਣੀ ਨੇ ਉਨ੍ਹਾਂ ਦੇ ਪੇਟ ਖ਼ਰਾਬ ਕਰ ਦਿੱਤੇ। ਨਵੰਬਰ 1631 ਈਸਵੀ ਵਿਚ ਸਰਦੀ ਵੀ ਜ਼ੋਰਾਂ 'ਤੇ ਸੀ। ਰੇਤਲੇ ਇਲਾਕੇ ਵਿਚ ਠੁਰ-ਠੁਰ ਕਰਦੇ ਬੀਮਾਰ ਫ਼ੌਜੀਆਂ ਨੇ ਸਿੱਖਾਂ ਨਾਲ ਕਿਵੇਂ ਲੜਨਾ ਸੀ, ਜਿਨ੍ਹਾਂ ਪਾਸ ਰਸਦ, ਪਾਣੀ ਤੇ ਹੱਥ ਸੇਕਣ ਦਾ ਪੂਰਾ ਇੰਤਜ਼ਾਮ ਸੀ। ਦੂਜੇ ਦਿਨ ਦੀ ਜੰਗ ਵਿਚ ਕਾਬਲੀ ਬੇਗ, ਕਮਰ ਬੇਗ ਤੇ ਲੱਲਾ ਬੇਗ ਮਾਰੇ ਗਏ। ਸ਼ਾਹੀ ਫ਼ੌਜ ਆਗੂਆਂ ਤੋਂ ਬਿਨਾਂ, ਮੈਦਾਨ ਛੱਡ ਕੇ ਲਾਹੌਰ ਵੱਲ ਭੱਜ ਗਈ।

ਸਿੱਖਾਂ ਦੀ ਤੀਜੀ ਜੰਗ

Third Battle of the Sikhs



Third Battle of the Sikhs

After meeting Baba Sri Chand, Guru Hargobind proceeded towards Malwa. Preaching Sikh thought in the villages and towns on the way, the Guru reached village Sudhar. There he met the devotees from Kabul. After the devotees had an audience, Bhai Karori from Kabul prayed, "Respected Guru ! I was coming with two fine horses from Kabul as an offering for you. When I entered Lahore, Anait Ulah, the Governor of Lahore happened to see them. He asked me the price of the horses. I told him that the horses were not for sale. He forcibly took away both the horses from me."

The Guru told Bhai Karori, "Your offering has reached us. I shall get the horses from the Governor myself." The Guru called Bhai Bidhi Chand who was serving in the Guru's institution. He had been a great robber before coming in the service of the Guru. The Guru blessed him and sent him to Lahore to bring those horses back.

Reaching Lahore, Bhai Bidhi Chand dressed as a grass-cutter, stood in front of the royal stable with a bundle of fine grass. Thinking him to be a grass-cutter, the stable-keeper employed him in the stable to look after the horses. One dark night, Bhai Bidhi Chand got the watchmen intoxicated with drinks and brought one horse to the Guru by jumping over the wall of the fort. To steal the other horse, Bhai Bidhi Chand disguised himself as a fortune-teller and said to the stable-keeper, "If you show me the place from where the horse was stolen, I can tell you where your horse is." The stable-keeper took Bhai Bidhi Chand to the stable. Bhai Bidhi Chand mounted the second horse, took it to the wall of the fort and said, "I took the first horse and I am also taking the second horse to Guru Hargobind." Saying this, he made the horse jump into the river Ravi.

With the clues about the horses, the Governor despatched Lalla Beg and Kamar Beg with an army of ten thousand to recover the horses from the Guru. Kabli Beg also joined them on the way. Hearing about the approach of the royal army, the Guru took up positions near village Nathana by the side of a pool which had natural fortifications in the shape of big sand mounds on three sides. The royal army was quick to reach the pool but their supplies could not reach due to rain. The royal soldiers started taking well-water to quench their thirst. The brackish well-water upset their stomach. Cold was at its height during November, 1631 A.D. How could sick soldiers, shivering with cold, fight the Sikhs in the sandy desert when the Sikhs had all arrangements of food, water and warming themselves ? Kabli Beg, Kamar Beg and Lalla Beg were killed in the second day's battle. Leaderless, the royal army fled towards Lahore.

ਸਿੱਖਾਂ ਦੀ ਚੌਥੀ ਜੰਗ Fourth Battle of the Sikhs



ਸਿੱਖਾਂ ਦੀ ਚੌਥੀ ਜੰਗ

ਗੁਰੂ ਹਰਿਗੋਬਿੰਦ ਜੀ ਆਪਣਾ ਮਾਲਵੇ ਦਾ ਦੌਰਾ ਖ਼ਤਮ ਕਰ ਕੇ ਜਨਵਰੀ 1632 ਈਸਵੀ ਵਿਚ ਕਰਤਾਰਪੁਰ ਪੁੱਜੇ। ਉੱਥੇ ਇੱਕ ਦਿਨ ਕਾਬਲੀ ਮੱਲ ਨੇ ਇੱਕ ਬਾਜ਼, ਇੱਕ ਘੋੜਾ, ਇੱਕ ਫ਼ੌਜੀ ਵਰਦੀ ਤੇ ਇੱਕ ਤਲਵਾਰ ਗੁਰੂ ਜੀ ਨੂੰ ਭੇਟ ਕੀਤੀ। ਉਨ੍ਹਾਂ ਨੇ ਬਾਜ਼ ਬਾਬਾ ਗੁਰਦਿੱਤਾ ਜੀ ਨੂੰ ਦੇ ਦਿੱਤਾ ਤੇ ਬਾਕੀ ਦੀਆਂ ਵਸਤੂਆਂ ਪੈਂਦੇ ਖ਼ਾਨ ਨੂੰ ਦੇ ਕੇ ਕਿਹਾ, "ਜਦੋਂ ਵੀ ਤੂੰ ਦਰਬਾਰ ਵਿਚ ਹਾਜ਼ਰ ਹੋਵੇਂ, ਇਹ ਵਰਦੀ ਪਹਿਨ ਕੇ, ਤਲਵਾਰ ਸਜਾ ਕੇ ਤੇ ਘੋੜੇ ਉੱਪਰ ਸਵਾਰ ਹੋ ਕੇ ਆਉਣਾ।" ਪੈਂਦੇ ਖ਼ਾਨ ਵੱਡੇ ਪਿੰਡ ਦੇ ਰਹਿਣ ਵਾਲੇ ਪਠਾਣ ਦਾ ਪੁੱਤਰ ਸੀ। 1614 ਈਸਵੀ ਵਿਚ ਉਹ ਆਪਣੀ ਵਿਧਵਾ ਮਾਂ ਦੇ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਗੁਰੂ ਜੀ ਨੇ ਉਸਨੂੰ ਆਪਣੇ ਪਾਸ ਹੀ ਰੱਖ ਲਿਆ ਸੀ। ਦਿਨਾਂ ਵਿਚ ਹੀ ਉਹ ਤਕੜਾ ਯੋਧਾ ਬਣ ਗਿਆ ਸੀ। 1628 ਈਸਵੀ ਦੀ ਜੰਗ ਵਿਚ ਗੁਰੂ ਜੀ ਨੇ ਉਸਨੂੰ ਸਿੱਖ ਜਥੇ ਦੀ ਅਗਵਾਈ ਦਿੱਤੀ ਸੀ। ਉਸ ਜੰਗ ਵਿਚ ਉਸਨੇ ਬੜੀ ਬਹਾਦਰੀ ਦਿਖਾਈ ਸੀ, ਜਿਸਦਾ ਉਸਨੂੰ ਹੰਕਾਰ ਹੋ ਗਿਆ ਸੀ। ਉਹ ਕਹਿੰਦਾ ਰਹਿੰਦਾ ਸੀ, "ਗੁਰੂ ਜੀ ਨੂੰ ਜੰਗ ਜਿਤਾਉਣ ਵਾਲਾ ਮੈਂ ਹੀ ਸੀ।" ਗੁਰੂ ਜੀ ਨੇ ਉਸਦਾ ਹੰਕਾਰ ਕੱਢਣ ਲਈ ਉਸਨੂੰ ਅਗਲੀਆਂ ਦੋ ਜੰਗਾਂ ਵਿਚ ਨਾ ਬੁਲਾਇਆ ਪਰ ਫਿਰ ਵੀ ਉਹ ਨਾ ਸਮਝਿਆ।

ਪੈਂਦੇ ਖ਼ਾਨ ਜਦੋਂ ਗੁਰੂ ਜੀ ਪਾਸੋਂ ਘੋੜਾ, ਵਰਦੀ ਤੇ ਤਲਵਾਰ ਲੈ ਕੇ ਘਰ ਪੁੱਜਿਆ ਤਾਂ ਉਸਦੇ ਜੁਆਈ, ਉਸਮਾਨ ਖ਼ਾਨ ਨੇ ਜ਼ਿਦ ਕਰ ਕੇ ਸਭ ਵਸਤੂਆਂ ਲੈ ਲਈਆਂ। ਇੱਕ ਦਿਨ ਬਾਬਾ ਗੁਰਦਿੱਤਾ ਜੀ ਦਾ ਬਾਜ਼ ਚੋਰੀ ਕਰ ਕੇ ਉਸਮਾਨ ਖ਼ਾਨ ਨੇ ਘਰ ਵਿਚ ਲੁਕਾ ਲਿਆ। ਪਤਾ ਲੱਗਣ ਉੱਪਰ ਗੁਰੂ ਜੀ ਨੇ ਪੈਂਦੇ ਖ਼ਾਨ ਨੂੰ ਦਰਬਾਰ ਵਿਚ ਬੁਲਾਇਆ ਤਾਂ ਉਹ ਬਿਨਾਂ ਵਰਦੀ, ਤਲਵਾਰ ਤੇ ਘੋੜੇ ਦੇ ਹਾਜ਼ਰ ਹੋਇਆ। ਗੁਰੂ ਜੀ ਨੇ ਉਸਨੂੰ ਬਾਜ਼ ਵਾਪਸ ਕਰਨ ਲਈ ਕਿਹਾ। ਉਸਨੇ ਕਿਹਾ ਕਿ ਉਸਨੂੰ ਬਾਜ਼ ਦਾ ਕੋਈ ਪਤਾ ਨਹੀਂ। ਗੁਰੂ ਜੀ ਨੇ ਸਿੱਖ ਭੇਜ ਕੇ ਬਾਜ਼ ਉਸਦੇ ਘਰੋਂ ਮੰਗਵਾ ਲਿਆ। ਗੁਰੂ ਜੀ ਨੇ ਉਸਨੂੰ ਚੋਰੀ ਕਰਨ ਤੇ ਹੁਕਮ ਨਾ ਮੰਨਣ ਪਿੱਛੇ ਡਾਂਟਿਆ ਤਾਂ ਉਹ ਅੱਗੋਂ ਗ਼ੁੱਸੇ ਵਿਚ ਬੋਲਿਆ। ਗੁਰੂ ਜੀ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ।

ਪੈਂਦੇ ਖ਼ਾਨ ਨੇ ਨੌਕਰੀ ਤੋਂ ਕੱਢੇ ਜਾਣ ਪਿੱਛੋਂ ਜਲੰਧਰ ਦੇ ਸੂਬੇਦਾਰ ਨੂੰ ਜਾ ਕੇ ਕਿਹਾ, "ਮੈਂ ਕਾਫ਼ਰ ਦੀ ਨੌਕਰੀ ਛੱਡ ਕੇ ਆਪ ਦੇ ਪਾਸ ਆ ਗਿਆ ਹਾਂ। ਮੈਂ ਉਸਦੇ ਭੇਦ ਜਾਣਦਾ ਹਾਂ। ਮੈਂ ਆਪ ਨੂੰ ਜਿਤਾ ਸਕਦਾ ਹਾਂ।" ਜਲੰਧਰ ਦੇ ਫ਼ੌਜਦਾਰ ਨੇ ਉਸਨੂੰ ਲਾਹੌਰ ਦੇ ਸੂਬੇਦਾਰ ਪਾਸ ਭੇਜ ਦਿੱਤਾ। ਸੂਬੇਦਾਰ ਨੇ ਉਸਦੀ ਕੋਈ ਗੱਲ ਨਾ ਸੁਣੀ। ਅਪ੍ਰੈਲ 1633 ਈਸਵੀ ਵਿਚ ਸ਼ਾਹ ਜਹਾਨ ਦਿੱਲੀ ਤੋਂ ਪੰਜਾਬ ਨੂੰ ਆ ਰਿਹਾ ਸੀ। ਪੈਂਦੇ ਖ਼ਾਨ, ਸ਼ਾਹ ਜਹਾਨ ਨੂੰ ਰਸਤੇ ਵਿਚ ਮਿਲ ਕੇ, ਉਸ ਪਾਸੋਂ ਗੁਰੂ ਜੀ ਉੱਪਰ ਹਮਲਾ ਕਰਨ ਦਾ ਫ਼ੁਰਮਾਨ ਲੈ ਆਇਆ।

ਸ਼ਾਹ ਜਹਾਨ ਦਾ ਫ਼ੁਰਮਾਨ ਦੇਖ ਕੇ ਲਾਹੌਰ ਦੇ ਸੂਬੇਦਾਰ ਨੇ 1634 ਈਸਵੀ ਵਿਚ ਕਾਲੇ ਖ਼ਾਨ ਨੂੰ ਫ਼ੌਜ ਦੇ ਕੇ ਗੁਰੂ ਜੀ ਉੱਪਰ ਹਮਲਾ ਕਰਨ ਲਈ ਭੇਜ ਦਿੱਤਾ। ਜਲੰਧਰ ਦਾ ਸੈਨਾਪਤੀ ਕੁਤਬਦੀਨ ਫ਼ੌਜ ਲੈ ਕੇ ਉਸਨੂੰ ਰਸਤੇ ਵਿਚ ਮਿਲ ਪਿਆ। ਦੋਹਾਂ ਨੇ ਮਿਲ ਕੇ ਕਰਤਾਰਪੁਰ ਨੂੰ ਘੇਰਾ ਪਾ ਲਿਆ। ਪਹਿਲੇ ਦਿਨ ਦੀ ਜੰਗ ਖ਼ਤਮ ਹੋਣ ਤਕ ਕਿਸੇ ਦੀ ਜਿੱਤ ਨਾ ਹੋਈ। ਦੂਜੇ ਦਿਨ ਪੈਂਦੇ ਖ਼ਾਨ ਨੇ ਅੱਗੇ ਵਧ ਕੇ ਗੁਰੂ ਜੀ ਉੱਪਰ ਤਿਨ ਵਾਰ ਕੀਤੇ। ਗੁਰੂ ਜੀ ਨੇ ਉਸਦੇ ਵਾਰ ਰੋਕ ਕੇ ਇੱਕ ਵਾਰ ਐਸਾ ਕੀਤਾ, ਜਿਸ ਨਾਲ ਉਹ ਘੋੜੇ ਤੋਂ ਡਿੱਗ ਪਿਆ। ਗੁਰੂ ਜੀ ਨੇ ਘੋੜੇ ਤੋਂ ਉੱਤਰ ਕੇ ਉਸਨੂੰ ਕਿਹਾ, "ਪੈਂਦੇ ਖ਼ਾਨ, ਖ਼ੁਦਾ ਨੂੰ ਯਾਦ ਕਰ ਲੈ।" ਮੌਤ ਸਾਹਮਣੇ ਦੇਖ ਕੇ ਉਸਨੇ ਕਿਹਾ, "ਤੁਸੀਂ ਮੇਰੇ ਖ਼ੁਦਾ ਹੋ। ਮੇਰੀਆਂ ਭੁੱਲਾਂ ਬਖ਼ਸ਼ ਦੇਣਾ।" ਇਹ ਕਹਿ ਕੇ ਉਸਨੇ ਪ੍ਰਾਣ ਤਿਆਗ ਦਿੱਤੇ। ਕੁਤਬਦੀਨ ਤੇ ਕਾਲੇ ਖ਼ਾਨ ਦੇ ਮਾਰੇ ਜਾਣ ਪਿੱਛੋਂ ਸ਼ਾਹੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ।

Fourth Battle of the Sikhs

After his tour of Malwa, the Guru reached Kartarpur in January 1632 A.D. One day, Kabli Mall offered a hawk, an army uniform, a horse and a sword to the Guru. The Guru gave the hawk to Baba Gurditta and bestowing other things to Painde Khan, said, "Whenever you present yourself in the court, come on this horse with uniform, wearing this sword." Painde Khan was the son of a Pathan of village Bara Pind. In 1614 A.D., he had come with his widowed mother for an audience of the Guru. The Guru had retained him in the Guru's institution. He had become a very strong warrior in a short time. The Guru had given him the command of a squad of Sikhs in the battle of 1628 A.D. He fought very bravely in that battle which made him haughty. He used to say, "I was the man responsible for the Guru's victory." To free him from his pride, the Guru did not call him in the next two battles but he did not realise this.

When Painde Khan reached home, after getting the horse, uniform and the sword from the Guru, his son-in-law, Usman Khan insisted and took these things from him. One day, Usman Khan stole Baba Gurditta's hawk and hid it in the house. When the Guru came to know, he called Painde Khan to the court. He presented himself before the Guru without the uniform, horse and the sword. The Guru asked him to return the hawk. He said that he knew nothing about the hawk. The Guru sent Sikhs who brought the hawk from his house. When the Guru daunted him for theft and disobedience, he replied angrily. The Guru dismissed him from service.

After his dismissal, Painde Khan went to the commander of Jalandhar and said, "I have left the service of the infidel and come to you. I know his secrets. I can bring you victory." The commander sent him to the Governor of Lahore. Governor Wazir Khan did not pay any heed to him. In April, 1633 A.D., Shah Jahan was on his way from Delhi to Punjab. Painde Khan met him on the way and obtained a royal order to attack the Guru.

With the orders of Shah Jahan, Wazir Khan sent Kalay Khan with an army in 1634 A.D. to attack the Guru. Kutub Din, the commander of Jalandhar also joined him on the way with his army. Both of them jointly besieged Kartarpur. At the end of the first day's battle neither side was victorious. The next day Painde Khan went ahead and hit the Guru thrice with his sword. The Guru checked his strikes on his shield and gave him one blow by which he fell off his horse. The Guru dismounted and said, "Painde Khan ! Remember God." Seeing death staring in his face, he said, "You are my God. Please forgive my sins." Saying this he breathed his last. After the death of Kalay Khan and Kutub Din, the royal army fled from the battlefield.

ਕੀਰਤਪੁਰ ਨਿਵਾਸ-ਅਸਥਾਨ

ਗੁਰੂ ਹਰਿਗੋਬਿੰਦ ਜੀ ਨੇ 1634 ਈਸਵੀ ਦੀ ਜੰਗ ਪਿੱਛੋਂ ਅਨੁਭਵ ਕੀਤਾ ਕਿ ਪੰਜਾਬ ਦੀ ਜਨਤਾ ਜ਼ੁਲਮ ਦਾ ਟਾਕਰਾ ਕਰਨ ਲਈ ਸਦਾ ਤਿਆਰ ਸੀ। ਉਨ੍ਹਾਂ ਨੇ ਪਹਾੜੀ ਇਲਾਕੇ ਦੇ ਪਿੱਛੇ ਰਹਿ ਰਹੇ ਵਹਿਮੀ ਲੋਕਾਂ ਨੂੰ 'ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ' ਦਾ ਸਬਕ ਦੇਣ ਲਈ ਕੀਰਤਪੁਰ ਜਾ ਕੇ ਡੇਰੇ ਲਗਾ ਲਏ। ਇਹ ਨਗਰ ਬਾਬਾ ਗੁਰਦਿੱਤਾ ਜੀ ਨੇ 1630 ਈਸਵੀ ਵਿਚ ਕਹਿਲੂਰ ਦੇ ਰਾਜੇ ਤਾਰਾ ਚੰਦ ਪਾਸੋਂ ਜ਼ਮੀਨ ਖ਼ਰੀਦ ਕੇ ਵਸਾਇਆ ਸੀ। ਹੁਣ ਇਹ ਸ਼ਹਿਰ ਜ਼ਿਲ੍ਹਾ ਰੋਪੜ ਵਿਚ ਪੈਂਦਾ ਹੈ।

ਸ਼ਾਹ ਜਹਾਨ ਨੂੰ ਜਦੋਂ ਚੌਥੀ ਵਾਰੀ ਸ਼ਾਹੀ ਫ਼ੌਜ ਦੀ ਹਾਰ ਦੀ ਖ਼ਬਰ ਪੁੱਜੀ ਤਾਂ ਉਸਨੇ 1635 ਈਸਵੀ ਵਿਚ ਆਪਣੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਨਿਯਤ ਕਰ ਦਿੱਤਾ। ਦਾਰਾ ਸ਼ਿਕੋਹ ਆਪ ਵਿਦਵਾਨ ਸੀ ਤੇ ਵਿਦਵਾਨਾਂ ਦਾ ਕਦਰਦਾਨ ਸੀ। ਉਹ ਸਾਰੇ ਧਰਮਾਂ ਦੇ ਮਹਾਂਪੁਰਸ਼ਾਂ ਨੂੰ ਬੜੇ ਸ਼ੌਕ ਨਾਲ ਮਿਲਦਾ ਸੀ। ਉਸਦੇ ਸੂਬੇਦਾਰ ਬਣਨ ਨਾਲ ਪੰਜਾਬ ਵਿਚ ਸ਼ਾਂਤੀ ਹੋ ਗਈ। ਸਿੱਖੀ ਦਾ ਪ੍ਰਚਾਰ ਬਿਨਾਂ ਕਿਸੇ ਰੋਕ ਤੋਂ ਹੋਣ ਲੱਗਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਲਈ ਉਦਾਸੀ ਵਿਦਵਾਨਾਂ ਨੂੰ ਬਿਹਾਰ, ਬੰਗਾਲ, ਅਸਾਮ ਆਦਿ ਦੇ ਇਲਾਕਿਆਂ ਤਕ ਭੇਜਿਆ।

ਬਾਬਾ ਗੁਰਦਿੱਤਾ ਜੀ ਉਦਾਸੀ ਸੰਪਰਦਾ ਦੀ ਸੰਭਾਲ ਕੀਰਤਪੁਰ ਤੋਂ ਹੀ ਕਰਦੇ ਸਨ। 1638 ਈਸਵੀ ਵਿਚ ਇੱਕ ਦਿਨ ਉਹ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ ਕਿ ਉਨ੍ਹਾਂ ਦੇ ਇੱਕ ਸਾਥੀ ਪਾਸੋਂ, ਇੱਕ ਗ਼ਰੀਬ ਦੀ ਗਊ, ਹਿਰਨ ਦੇ ਭੁਲੇਖੇ ਵਿਚ ਮਰ ਗਈ। ਉਸ ਗ਼ਰੀਬ ਨੇ ਬਾਬਾ ਜੀ ਪਾਸ ਆ ਕੇ ਬੇਨਤੀ ਕੀਤੀ, "ਮੇਰੀ ਗਊ ਨੂੰ ਜ਼ਿੰਦਾ ਕਰ ਦੇਵੋ, ਨਹੀਂ ਤਾਂ ਮੈਨੂੰ ਇਸਦੇ ਮਰਨ ਦਾ ਪਾਪ ਲੱਗੇਗਾ।" ਬਾਬਾ ਜੀ ਨੇ ਉਸਨੂੰ ਕਿਹਾ, "ਇਹ ਗਊ ਮਰ ਗਈ ਹੈ, ਹੁਣ ਇਹ ਕਿਵੇਂ ਜ਼ਿੰਦਾ ਹੋ ਸਕਦੀ ਹੈ ?" ਉਸਨੇ ਕਿਹਾ, "ਤੁਸੀਂ ਗੁਰੂ ਦੇ ਪੁੱਤਰ ਹੋ। ਤੁਸੀਂ ਇਸਨੂੰ ਜ਼ਿੰਦਾ ਕਰ ਕੇ ਮੈਨੂੰ ਗਊ-ਹੱਤਿਆ ਤੋਂ ਬਚਾ ਸਕਦੇ ਹੋ।" ਬਾਬਾ ਗੁਰਦਿੱਤਾ ਜੀ ਨੇ ਇਹ ਜਾਣਦੇ ਹੋਏ ਕਿ ਗੁਰੂ-ਘਰ ਵਿਚ ਕਰਾਮਾਤ ਦਿਖਾਉਣਾ ਮਨ੍ਹਾ ਹੈ, ਉਸ ਗਊ ਨੂੰ ਜ਼ਿੰਦਾ ਕਰ ਦਿੱਤਾ ਤਾਂ ਜੁ ਲੋਕਾਂ ਦੀ ਗੁਰੂ-ਘਰ ਵਿੱਚ ਸ਼ਰਧਾ ਖ਼ਤਮ ਨਾ ਹੋ ਜਾਵੇ। ਬਾਬਾ ਗੁਰਦਿੱਤਾ ਜੀ ਦਾ ਗਊ ਨੂੰ ਜ਼ਿੰਦਾ ਕਰਨ ਦਾ ਨਾਟਕ ਗੁਰੂ ਹਰਿਗੋਬਿੰਦ ਜੀ ਨੂੰ ਪਸੰਦ ਨਾ ਆਇਆ। ਉਨ੍ਹਾਂ ਦੇ ਕਹਿਣ ਉੱਪਰ ਬਾਬਾ ਗੁਰਦਿੱਤਾ ਜੀ ਨੇ ਸਰੀਰ ਤਿਆਗ ਦਿੱਤਾ।

ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਵੱਡੇ ਪੁੱਤਰ ਧੀਰਮੱਲ ਨੂੰ, ਕਰਤਾਰਪੁਰ ਤੋਂ ਪਿਤਾ ਦੇ ਦਾਹ-ਸੰਸਕਾਰ ਉੱਪਰ ਆਉਣ ਲਈ ਸੱਦਾ ਭੇਜਿਆ ਪਰ ਉਹ ਨਾ ਆਇਆ। ਉਸਦੇ ਪਾਸ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੀ, ਜਿਸਦਾ ਸਹਾਰਾ ਲੈ ਕੇ ਉਹ ਆਪ ਗੁਰੂ ਬਣਨਾ ਚਾਹੁੰਦਾ ਸੀ। ਉਸਨੂੰ ਡਰ ਸੀ ਕਿ ਕੀਰਤਪੁਰ ਪੁੱਜਣ ਉੱਪਰ ਉਸ ਪਾਸੋਂ ਗੁਰੂ ਹਰਿਗੋਬਿੰਦ ਜੀ ਬੀੜ ਲੈ ਲੈਣਗੇ। ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਹਰਿ ਰਾਇ ਜੀ ਨੂੰ ਗੁਰ-ਗੱਦੀ ਦੇ ਯੋਗ ਦੇਖ ਕੇ ਅਗਸਤ 1643 ਈਸਵੀ ਨੂੰ ਗੁਰ-ਗੱਦੀ ਉਸਨੂੰ ਸੌਂਪ ਦਿੱਤੀ ਤੇ ਬਚਨ ਕੀਤੇ, "ਸਦਾ ਆਪਣੇ ਨਾਲ 2200 ਘੋੜ-ਸਵਾਰ ਰੱਖਣੇ। ਗੁਰੂ-ਘਰ ਦਾ ਕਿਸੇ ਨਾਲ ਕੋਈ ਵੈਰ ਨਹੀਂ। ਆਪ ਨੂੰ ਜੰਗ ਕਰਨ ਦੀ ਲੋੜ ਨਹੀਂ ਪਵੇਗੀ। ਜਿਹੜਾ ਵੀ ਗੁਰੂ-ਘਰ ਉੱਪਰ ਚੜ੍ਹਾਈ ਕਰਨ ਆਵੇਗਾ, ਉਸਦਾ ਰਸਤੇ ਵਿਚ ਹੀ ਨਾਸ਼ ਹੋ ਜਾਵੇਗਾ।"

ਗੁਰੂ ਹਰਿਗੋਬਿੰਦ ਜੀ ਨੇ 3 ਮਾਰਚ, 1644 ਈਸਵੀ ਨੂੰ ਜੋਤੀ ਜੋਤਿ ਸਮਾਉਣ ਤੋਂ ਇੱਕ ਹਫ਼ਤਾ ਪਹਿਲਾਂ ਹੁਕਮ ਕਰ ਦਿੱਤਾ ਕਿ ਉਨ੍ਹਾਂ ਨੂੰ ਕੋਈ ਨਾ ਬੁਲਾਵੇ। ਉਸ ਪਿੱਛੋਂ ਉਹ ਇਕਾਂਤ ਵਿਚ ਬੈਠ ਕੇ ਇੱਕ ਹਫ਼ਤਾ ਕੀਰਤਨ ਸੁਣਦੇ ਸੁਣਦੇ ਜੋਤੀ ਜੋਤਿ ਸਮਾ ਗਏ।

ਕੀਰਤਪੁਰ ਨਿਵਾਸ-ਅਸਥਾਨ Kiratpur as Residence



Kiratpur as Residence

Guru Hargobind felt after the battle of 1634 A.D., that the people of Punjab were always ready to face tyranny. In order to give the lesson of "Neither be afraid of anyone nor intimidate anybody" to the backward and superstitious people of the hilly area, the Guru took up residence at Kiratpur. This town had been colonised by Baba Gurditta in 1630 A.D., on land purchased from Tara Chand, the Raja of Kahloor. This town falls in district Ropar these days.

When Shah Jahan came to know of the defeat of the royal army for the fourth time, he appointed his eldest son Dara Shikoh as Governor of Lahore and Multan in 1635 A.D. Dara Shikoh himself was a learned man and had regard for scholars. He used to meet great men of all religions with great enthusiasm. His appointment as Governor brought peace to Punjab. The preaching of Sikhism started without any hinderance. The Guru sent Udasi learned men to Bihar, Bengal and Assam etcetra for preaching Sikhism.


Baba Gurditta looked after the Udasi sect from Kiratpur. One day in 1638 A.D., he was hunting in the forest when a poor man's cow was killed by his companion, mistaking it for a deer. That poor man came and requested Baba Gurditta, "Please revive my cow. Otherwise, there will be a curse on me for its death." Baba Gurditta said to him, "This cow is dead. How can it be revived ?" He said, "You are a son of the Guru. You can save me from the sin of killing a cow by reviving her." Although Baba Gurditta knew that it was forbidden in the Guru's institution to show a miracle, he revived the cow so that people may not lose faith in the Guru's institution. Guru Hargobind did not like this drama of Baba Gurditta of reviving the cow. At his bidding, Baba Gurditta gave up his life.

Guru Hargobind sent for Dhir Mall, the elder son of Baba Gurditta to come from Kartarpur for the cremation of his father. He did not turn up. He had the holy Granth (Sikh Scripture) with him and he wanted to become Guru himself with its support. He was afraid that Guru Hargobind would take the Granth from him if he went to Kiratpur. Thinking Sri Har Rai, the younger son of Baba Gurditta, fit for the leadership of the Sikhs, Guru Hargobind entrusted him with this responsibility in August 1643 A.D. and said to Guru Har Rai, "Always keep twenty-two hundred horsemen ready with you. The Guru's institution has no enmity with anybody. You shall not have to fight. Whoever comes to attack the Guru's institution will be destroyed on the way."

One week before his merger in God on the 3rd March 1644 A.D., Guru Hargobind gave instructions that no one should disturb him. After that he sat in solitude listening to the recital of the holy word for a week and merged into the Infinite in that condition.

ਗੁਰੂ ਦੀ ਵਡਿਆਈ

Greatness of the Guru



ਗੁਰੂ ਦੀ ਵਡਿਆਈ

ਗੁਰੂ ਹਰਿ ਰਾਇ ਜੀ ਦਾ ਜਨਮ 16 ਜਨਵਰੀ, 1630 ਈਸਵੀ ਨੂੰ ਕੀਰਤਪੁਰ ਵਿਖੇ ਬਾਬਾ ਗੁਰਦਿੱਤਾ ਜੀ ਦੇ ਘਰ ਹੋਇਆ। 1634 ਈਸਵੀ ਵਿਚ ਗੁਰੂ ਹਰਿਗੋਬਿੰਦ ਜੀ ਨੇ ਕੀਰਤਪੁਰ ਆਉਣ ਪਿੱਛੋਂ ਉਨ੍ਹਾਂ ਨੂੰ ਸਦਾ ਆਪਣੇ ਨਾਲ ਰਖਿਆ। ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਆਪ ਸ਼ਾਸਤਰ-ਵਿੱਦਿਆ ਤੇ ਸ਼ਸਤਰ-ਵਿੱਦਿਆ ਦਿੱਤੀ। ਸ੍ਰੀ ਹਰਿ ਰਾਇ ਜੀ ਨੂੰ ਜਦੋਂ ਵੀ ਗੁਰੂ-ਘਰ ਵਿਚ ਸੇਵਾ ਕਰਨ ਦਾ ਸਮਾਂ ਮਿਲਦਾ ਤਾਂ ਉਹ ਪੂਰੇ ਉਤਸ਼ਾਹ ਨਾਲ ਸੇਵਾ ਕਰਦੇ। ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਅਗਸਤ 1643 ਈਸਵੀ ਵਿਚ ਗੁਰ-ਗੱਦੀ ਸੌਂਪ ਦਿੱਤੀ।

ਦਾਰਾ ਸ਼ਿਕੋਹ ਦੇ ਲਾਹੌਰ ਦਾ ਸੂਬੇਦਾਰ ਬਣਨ ਪਿੱਛੋਂ, ਭਾਵੇਂ ਸਿੱਖਾਂ ਨੂੰ ਸ਼ਾਹੀ ਫ਼ੌਜ ਨਾਲ ਕੋਈ ਜੰਗ ਨਹੀਂ ਸੀ ਲੜਨੀ ਪਈ, ਪਰ ਗੁਰੂ ਹਰਿ ਰਾਇ ਜੀ ਨੇ ਗੁਰੂ-ਘਰ ਨੂੰ ਜੰਗ ਲਈ ਸਦਾ ਤਿਆਰ ਰਖਣ ਲਈ ਸ਼ਸਤਰ-ਵਿਦਿਆ ਦੀ ਸਿਖਲਾਈ ਪਹਿਲਾਂ ਦੀ ਤਰ੍ਹਾਂ ਚਾਲੂ ਰਖੀ। ਉਨ੍ਹਾਂ ਦੇ ਪਾਸ ਸਦਾ ਬਾਈ ਸੌ ਘੋੜ-ਸਵਾਰ ਤਿਆਰ-ਬਰ-ਤਿਆਰ ਰਹਿੰਦੇ। ਉਨ੍ਹਾਂ ਨੇ ਕੀਰਤਪੁਰ ਦੇ ਨੇੜੇ ਪਤਾਲਗੜ੍ਹ ਕਿਲ੍ਹਾ ਵੀ ਉਸਾਰਿਆ ਸੀ, ਜਿਸ ਵਿਚ ਹਰ ਸਮੇਂ ਗੋਲਾ-ਬਾਰੂਦ ਤਿਆਰ ਰਖਿਆ ਜਾਂਦਾ ਸੀ। ਤੀਜੇ ਪਹਿਰ ਗੁਰੂ ਜੀ ਸ਼ਸਤਰ ਪਹਿਨ ਕੇ ਤੇ ਘੋੜੇ ਉੱਪਰ ਅਸਵਾਰ ਹੋ ਕੇ, ਸਿੱਖਾਂ ਨੂੰ ਨਾਲ ਲੈ ਕੇ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਤਾਂ ਜੁ ਪਹਾੜੀ ਲੋਕਾਂ ਦੇ ਦਿਲਾਂ ਵਿਚ ਸਿੱਖਾਂ ਨੂੰ ਦੇਖ ਕੇ ਨਿਡਰਤਾ ਪੈਦਾ ਹੋਵੇ ਤੇ ਉਨ੍ਹਾਂ ਨੂੰ ਆਪਣੇ ਆਪ ਦੀ ਹੋਂਦ ਦਾ ਅਨੁਭਵ ਹੋਵੇ।

ਗੁਰੂ ਜੀ ਨੇ ਕੀਰਤਪੁਰ ਵਿਚ ਇੱਕ ਬਹੁਤ ਵੱਡਾ ਦਵਾਖ਼ਾਨਾ ਖੋਲ੍ਹਿਆ, ਜਿਸ ਵਿਚ ਚੰਗੇ ਵੈਦ ਰਖੇ ਤੇ ਦੇਸ਼ ਭਰ ਦੀਆਂ ਦਵਾਈਆਂ ਮੰਗਵਾ ਕੇ ਰਖੀਆਂ। ਹਰ ਲੋੜਵੰਦ ਦਾ ਮੁਫ਼ਤ ਇਲਾਜ ਕੀਤਾ ਜਾਂਦਾ। ਉਦਾਸੀ ਡੇਰਿਆਂ ਤੇ ਪ੍ਰਚਾਰ-ਅਸਥਾਨਾਂ ਉੱਪਰ ਜਿੱਥੇ ਪਹਿਲਾਂ ਲੰਗਰ ਮਿਲਦਾ ਸੀ, ਗੁਰੂ ਜੀ ਨੇ ਉਨ੍ਹਾਂ ਨੂੰ ਮੁਫ਼ਤ ਇਲਾਜ ਕਰਨ ਦੀ ਆਗਿਆ ਕਰ ਦਿੱਤੀ। ਇਸ ਤਰ੍ਹਾਂ ਕੀਰਤਪੁਰ ਦਾ ਦਵਾਖ਼ਾਨਾ ਦੇਸ਼ ਭਰ ਵਿਚ ਪ੍ਰਸਿੱਧ ਹੋ ਗਿਆ।

ਸ਼ਾਹ ਜਹਾਨ ਨੂੰ ਆਪਣੇ ਵੱਡੇ ਪੁੱਤਰ ਦਾਰਾ ਸ਼ਿਕੋਹ ਨਾਲ ਬਹੁਤ ਪਿਆਰ ਸੀ। ਉਸਦੇ ਛੋਟੇ ਪੁੱਤਰ ਔਰੰਗਜ਼ੇਬ ਲਈ ਇਹ ਸਹਾਰਨਾ ਮੁਸ਼ਕਲ ਸੀ। ਉਸਨੇ ਦਾਰਾ ਸ਼ਿਕੋਹ ਨੂੰ ਖ਼ਤਮ ਕਰਨ ਲਈ, ਇੱਕ ਦਿਨ ਉਸਦੇ ਲਾਂਗਰੀ ਪਾਸੋਂ ਉਸਦੇ ਖਾਣੇ ਵਿਚ ਇੱਕ ਸ਼ੇਰ ਦੀ ਮੁੱਛ ਦੇ ਵਾਲ ਖੁਆ ਦਿੱਤੇ, ਜਿਸ ਨਾਲ ਦਾਰਾ ਸ਼ਿਕੋਹ ਦਾ ਪੇਟ ਖ਼ਰਾਬ ਹੋ ਗਿਆ। ਸ਼ਾਹੀ ਹਕੀਮਾਂ ਉਸਦਾ ਬਹੁਤ ਇਲਾਜ ਕੀਤਾ ਪਰ ਉਹ ਠੀਕ ਨਾ ਹੋਇਆ। ਹਕੀਮਾਂ ਨੇ ਸ਼ਾਹ ਜਹਾਨ ਨੂੰ ਕੀਰਤਪੁਰ ਦੇ ਦਵਾਖ਼ਾਨੇ ਤੋਂ ਦਵਾ ਮੰਗਵਾਉਣ ਦੀ ਸਲਾਹ ਦਿੱਤੀ। ਸ਼ਾਹ ਜਹਾਨ ਨੇ ਕਿਹਾ, "ਜਿਨ੍ਹਾਂ ਦੇ ਖ਼ਿਲਾਫ਼ ਮੈਂ ਫ਼ੌਜਾਂ ਭੇਜਦਾ ਰਿਹਾ ਹਾਂ, ਉਨ੍ਹਾਂ ਪਾਸੋਂ ਦਵਾ ਕਿਵੇਂ ਮੰਗਾਂ?" ਪੀਰ ਹਸਨ ਅਲੀ ਨੇ ਕਿਹਾ, "ਗੁਰੂ ਨਾਨਕ ਦੇ ਘਰ ਦਾ ਕਿਸੇ ਨਾਲ ਕੋਈ ਵੈਰ ਨਹੀਂ। ਉਹ ਸਦਾ ਦੂਜੇ ਦਾ ਭਲਾ ਕਰਦਾ ਹੈ। ਤੁਸੀਂ ਦਾਰਾ ਸ਼ਿਕੋਹ ਦੀ ਜਾਨ ਬਚਾਉਣ ਲਈ ਉਨ੍ਹਾਂ ਪਾਸੋਂ ਦਵਾ ਮੰਗਵਾ ਲਵੋ।"

ਸ਼ਾਹ ਜਹਾਨ ਨੇ ਗੁਰੂ ਜੀ ਦੇ ਨਾਂ ਚਿੱਠੀ ਲਿਖ ਕੇ, ਆਪਣੇ ਖ਼ਾਸ ਆਦਮੀ ਰਾਹੀਂ ਕੀਰਤਪੁਰ ਭੇਜੀ। ਗੁਰੂ ਜੀ ਨੇ ਚਿੱਠੀ ਮਿਲਣ ਉੱਪਰ ਲੋੜੀਂਦੀ ਦਵਾ ਸ਼ਾਹ ਜਹਾਨ ਨੂੰ ਭੇਜ ਦਿੱਤੀ। ਉਸ ਦਵਾ ਦੇ ਲੈਣ ਨਾਲ ਦਾਰਾ ਸ਼ਿਕੋਹ ਦੇ ਪੇਟ ਦਾ ਰੋਗ ਦੂਰ ਹੋ ਗਿਆ। ਦਾਰਾ ਸ਼ਿਕੋਹ ਗੁਰੂ ਜੀ ਦਾ ਧੰਨਵਾਦ ਕਰਨ ਲਈ ਕੀਮਤੀ ਭੇਟਾਵਾਂ ਲੈ ਕੇ ਆਪ ਕੀਰਤਪੁਰ ਹਾਜ਼ਰ ਹੋਇਆ।

Greatness of the Guru

Guru Har Rai was born on the 16th January, 1630 A.D. at Kiratpur. His father was Baba Gurditta. After Guru Hargobind arrived at Kiratpur in 1634 A.D., he always kept him by his side. Guru Hargobind himself imparted him the knowledge of scriptures and weapons. Whenever Sri Har Rai got a chance to serve in the Guru's institution, he did so with great enthusiasm. Guru Hargobind entrusted him leadership of the Sikhs in August 1643 A.D.

Although the Sikhs did not have to fight any battle with the royal army after the appointment of Dara Shikoh as Governor of Lahore, yet Guru Har Rai continued weapon-training as before to keep the Guru's institution ready to fight. He always kept twenty-two hundred horsemen fighting fit with him. He constructed Patalgarh fort near Kiratpur in which arms and ammunition were stored. In the afternoons, the Guru would ride and go hunting in the forest accompanied by Sikhs so that the hill people might become fearless seeing them fully armed and also realise their identity.

The Guru opened a big dispensary in Kiratpur in which he employed able physicians and procured medicines from all over the country. Every needy person was given free treatment. In the Udasi hermitages and other places of preaching where meals were being provided, the Guru ordered free clinics to be run. In this way, the dispensary of Kiratpur became famous throughout the country.

Shah Jahan had great love for his elder son, Dara Shikoh. It was very hard for his younger son, Aurangzeb, to bear it. In order to finish off Dara Shikoh, he conspired with his cook to administer a tiger's whiskers in his meals which upset his stomach. Inspite of best treatments by the royal physicians, he did not get well. The physicians suggested to Shah Jahan to get medicine from the dispensary at Kiratpur. Shah Jahan said, "How can I ask for medicine from those against whom I have been sending armies ?" Pir Hassan Ali said, "Guru Nanak's institution bears no enmity towards anybody. They always do good to others. Please send for medicine from there in order to save the life of Dara Shikoh."

Shah Jahan wrote a letter to the Guru and sent it through a special messenger to Kiratpur. On the receipt of that letter, the Guru sent the necessary medicine. The administration of the medicine cured the stomach ailment of Dara Shikoh. Dara Shikoh himself came to Kiratpur with valuable gifts to thank the Guru.

ਸੱਚੇ ਤੇ ਮੱਕਾਰ

ਇੱਕ ਦਿਨ ਗੁਰੂ ਹਰਿ ਰਾਇ ਜੀ ਸ਼ਿਕਾਰ ਖੇਡਣ ਗਏ ਇੱਕ ਝੁੱਗੀ ਦੇ ਦਰਵਾਜ਼ੇ ਅੱਗੇ ਰੁਕੇ। ਉਸ ਝੁੱਗੀ ਦੇ ਅੰਦਰੋਂ ਮਾਈ ਤਾਬੋ ਬਾਹਰ ਨਿਕਲੀ। ਗੁਰੂ ਜੀ ਨੇ ਉਸ ਮਾਈ ਨੂੰ ਕਿਹਾ, "ਮੈਨੂੰ ਬਹੁਤ ਭੁੱਖ ਲੱਗੀ ਹੈ। ਜੋ ਕੁਝ ਆਪ ਨੇ ਪਕਾ ਕੇ ਮੇਰੇ ਲਈ ਰਖਿਆ ਹੈ, ਮੈਨੂੰ ਇੱਥੇ ਹੀ ਦੇ ਦੇਵੋ।" ਮਾਈ ਤਾਬੋ ਨੇ ਜਿਹੜੇ ਮਿੱਠੇ ਪਰੌਂਠੇ ਪਕਾ ਕੇ ਗੁਰੂ ਜੀ ਲਈ ਰਖੇ ਸਨ, ਉਹ ਲਿਆ ਕੇ ਗੁਰੂ ਜੀ ਨੂੰ ਦੇ ਦਿੱਤੇ। ਆਪ ਉਹ ਬੜੀ ਹੈਰਾਨ ਹੋ ਕੇ ਖੜੀ ਹੋ ਗਈ। ਗੁਰੂ ਜੀ ਨੇ ਕੱਪੜੇ ਵਿੱਚੋਂ ਪਰੌਂਠੇ ਕੱਢੇ ਤੇ ਛਕਣ ਲੱਗੇ। ਗੁਰੂ ਜੀ ਨੇ ਪਰੌਂਠੇ ਛਕ ਕੇ ਮਾਈ ਤਾਬੋ ਨੂੰ ਖ਼ਾਲੀ ਕੱਪੜਾ ਪਕੜਾਉਂਦੇ ਹੋਏ ਕਿਹਾ, "ਮਾਤਾ ਜੀ, ਪਰੌਂਠੇ ਬਹੁਤ ਸਵਾਦ ਸਨ।"


ਦੂਜੇ ਦਿਨ ਗੁਰੂ ਜੀ ਸ਼ਿਕਾਰ ਖੇਡਣ ਲਈ ਗਏ ਤਾਂ ਇੱਕ ਸਿੱਖ ਨੇ ਪ੍ਰਸ਼ਾਦਾ ਨਾਲ ਲੈ ਲਿਆ। ਉਸਨੇ ਸੋਚਿਆ ਕਿ ਕੱਲ੍ਹ ਗੁਰੂ ਜੀ ਨੂੰ ਭੁੱਖ ਲੱਗ ਗਈ ਸੀ, ਇਸ ਲਈ ਉਨ੍ਹਾਂ ਨੇ ਮਾਈ ਪਾਸੋਂ ਜਾ ਕੇ ਪ੍ਰਸ਼ਾਦਾ ਮੰਗਿਆ ਸੀ। ਪਿਛਲੇ ਦਿਨ ਵਾਲਾ ਸਮਾਂ ਹੋਣ 'ਤੇ ਸਿੱਖ ਨੇ ਗੁਰੂ ਜੀ ਨੂੰ ਪ੍ਰਸ਼ਾਦਾ ਛਕਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, "ਪ੍ਰਸ਼ਾਦ ਲੰਗਰ ਵਿਚ ਬੈਠ ਕੇ ਛਕਿਆ ਜਾਂਦਾ ਹੈ। ਇਸ ਤਰ੍ਹਾਂ ਰਸਤੇ ਵਿਚ ਨਹੀਂ। ਪ੍ਰਸ਼ਾਦ ਛਕਣ ਦੇ ਕੁਝ ਨਿਯਮ ਹੁੰਦੇ ਹਨ।" ਇਹ ਸੁਣ ਕੇ ਸਿੱਖ ਨੇ ਬੇਨਤੀ ਕੀਤੀ, "ਕੱਲ੍ਹ ਤਾਂ ਆਪ ਨੇ ਘੋੜੇ 'ਤੇ ਅਸਵਾਰ, ਹੱਥ ਧੋਣ ਤੋਂ ਬਿਨਾ ਪ੍ਰਸ਼ਾਦਾ ਛਕਿਆ ਸੀ।" ਗੁਰੂ ਜੀ ਨੇ ਕਿਹਾ, "ਉਹ ਤਾਂ ਮਾਈ ਦਾ ਪ੍ਰੇਮ ਸੀ, ਜਿਸ ਨੇ ਪ੍ਰਸ਼ਾਦ ਤਿਆਰ ਕਰ ਕੇ ਸਾਡੇ ਲਈ ਰਖਿਆ ਸੀ ਤੇ ਸਾਡੀ ਉਡੀਕ ਕਰ ਰਹੀ ਸੀ। ਇਸ ਲਈ ਅਸੀਂ ਪ੍ਰੇਮ ਦੇ ਬੱਧਿਆਂ ਨੇ ਜਾ ਕੇ ਉਹ ਪ੍ਰਸ਼ਾਦ ਛਕਿਆ ਸੀ।"

ਉਨ੍ਹਾਂ ਦਿਨਾਂ ਵਿਚ ਜਿੱਥੇ ਗੁਰੂ-ਘਰ ਦੇ ਪ੍ਰੇਮੀ ਸਨ, ਉਥੇ ਈਰਖਾ ਕਰਨ ਵਾਲੇ ਵੀ ਬਹੁਤ ਸਨ। ਗੁਰੂ ਹਰਿ ਰਾਇ ਜੀ ਕਰਤਾਰਪੁਰ ਗਏ ਹੋਏ ਸਨ। ਉਥੇ ਇੱਕ ਦਿਨ ਇੱਕ ਬ੍ਰਾਹਮਣ ਦਾ ਲੜਕਾ ਮਰ ਗਿਆ। ਉਸਦੇ ਮਾਂ-ਬਾਪ ਤੇ ਹੋਰ ਰਿਸ਼ਤੇਦਾਰ ਰੋਣ ਲੱਗੇ। ਗੁਰੂ ਜੀ ਦਾ ਵੱਡਾ ਭਾਈ ਧੀਰ ਮੱਲ ਕਰਤਾਰਪੁਰ ਰਹਿੰਦਾ ਸੀ, ਜਿਸਨੇ ਗੁਰ-ਗੱਦੀ ਪ੍ਰਾਪਤ ਕਰਨ ਲਈ ਬੜੇ ਹੱਥ-ਪੱਲੇ ਮਾਰੇ ਸਨ, ਪਰ ਸਫਲਤਾ ਨਹੀਂ ਸੀ ਹੋਈ। ਉਸਨੇ ਬ੍ਰਾਹਮਣ ਨੂੰ ਕਿਹਾ, "ਤੁਸਾਂ ਨੂੰ ਰੋਣ ਦੀ ਲੋੜ ਨਹੀਂ। ਤੁਸਾਂ ਦੇ ਸ਼ਹਿਰ ਵਿਚ ਗੁਰੂ ਹਰਿ ਰਾਇ ਜੀ ਆਏ ਹੋਏ ਹਨ, ਜਿਹੜੇ ਲੋਕਾਂ ਨੂੰ ਜੀਵਨ-ਦਾਨ ਦੇ ਰਹੇ ਹਨ। ਤੁਸੀਂ ਵੀ ਉਨ੍ਹਾਂ ਦੇ ਪਾਸ ਬੇਨਤੀ ਕਰ ਕੇ ਲੜਕੇ ਨੂੰ ਜ਼ਿੰਦਾ ਕਰਵਾ ਲਵੋ।"

ਉਹ ਬ੍ਰਾਹਮਣ ਆਪਣੇ ਪੁੱਤਰ ਦੀ ਲਾਸ਼ ਲੈ ਕੇ ਗੁਰੂ ਜੀ ਦੇ ਡੇਰੇ ਪੁੱਜ ਗਿਆ। ਬ੍ਰਾਹਮਣ ਨੇ ਗੁਰੂ ਜੀ ਅੱਗੇ ਆਪਣੇ ਪੁੱਤਰ ਨੂੰ ਜ਼ਿੰਦਾ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਬ੍ਰਾਹਮਣ ਨੂੰ ਸਮਝਾਇਆ, "ਹਰ ਇੱਕ ਨੂੰ ਪਰਮਾਤਮਾ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਜਿਹੜਾ ਜੀਵ ਜੰਮਦਾ ਹੈ, ਉਸਨੇ ਇੱਕ ਦਿਨ ਅਵੱਸ਼ ਮਰਨਾ ਹੈ।" ਬ੍ਰਾਹਮਣ ਗੁਰੂ ਜੀ ਦੇ ਸਮਝਾਉਣ ਉੱਪਰ ਵੀ ਆਪਣੇ ਪੁੱਤਰ ਨੂੰ ਜ਼ਿੰਦਾ ਕਰਨ ਦੀ ਜ਼ਿਦ ਕਰਦਾ ਰਿਹਾ। ਗੁਰੂ ਜੀ ਨੇ ਉਸਨੂੰ ਕਿਹਾ, "ਇਹ ਲੜਕਾ ਜ਼ਿੰਦਾ ਹੋ ਸਕਦਾ ਹੈ, ਜੇ ਕੋਈ ਆਪਣੀ ਜਾਨ ਇਸ ਲੜਕੇ ਦੀ ਜਾਨ ਬਦਲੇ ਦੇ ਦੇਵੇ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਲੜਕੇ ਦੇ ਮਾਤਾ ਪਿਤਾ ਤੇ ਹੋਰ ਰਿਸ਼ਤੇਦਾਰ ਚੁੱਪ ਕਰ ਗਏ। ਉਨ੍ਹਾਂ ਵਿੱਚੋਂ ਕੋਈ ਵੀ ਆਪਣੀ ਜਾਨ ਦੇਣ ਲਈ ਤਿਆਰ ਨਾ ਹੋਇਆ ਤਾਂ ਗੁਰੂ ਜੀ ਨੇ ਕਿਹਾ, "ਕੋਈ ਹੋਰ ਇਸ ਪਰਉਪਕਾਰ ਲਈ ਆਪਣੀ ਜਾਨ ਦੇਣ ਲਈ ਤਿਆਰ ਹੈ?" ਗੁਰੂ ਜੀ ਦੇ ਬਚਨ ਸੁਣ ਕੇ ਭਾਈ ਭਗਤੂ ਦਾ ਪੁੱਤਰ ਜੀਵਨ, ਜਿਹੜਾ ਦੀਵਾਨ ਵਿਚ ਬੈਠਾ ਸੀ, ਉੱਠ ਕੇ ਘਰ ਨੂੰ ਚਲਿਆ ਗਿਆ। ਉਹ ਘਰ ਜਾ ਕੇ ਇੱਕ ਚਾਦਰ ਲੈ ਕੇ ਲੇਟ ਗਿਆ ਤੇ ਉਸਨੇ ਅਰਦਾਸ ਕਰ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਜੀਵਨ ਦੇ ਪ੍ਰਾਣ ਤਿਆਗਣ ਪਿੱਛੋਂ ਬ੍ਰਾਹਮਣ ਦਾ ਪੁੱਤਰ ਉੱਠ ਕੇ ਬੈਠ ਗਿਆ। ਬ੍ਰਾਹਮਣ ਆਪਣੇ ਪੁੱਤਰ ਨੂੰ ਜ਼ਿੰਦਾ ਦੇਖ ਕੇ ਗੁਰੂ-ਘਰ ਦੀ ਉਸਤਤ ਕਰਨ ਲੱਗਾ।

ਸੱਚੇ ਤੇ ਮੱਕਾਰ

True and Cunning



True and Cunning

One day, on his hunting trip, Guru Har Rai stopped before a hut. Mai Taabo, an old woman, came out of the hut. The Guru said to her, "I am very hungry. Please serve me here, whatever you have cooked for me." Mai Taabo served the Guru, sweet pan cakes that she had already made for him. The Guru unwrapped the pan cakes from the cloth and started eating. Mai Taabo stood there in great wonder. Handing over the cloth to Mai (mother) Taabo after taking the food, the Guru said, "Mother ! The pan cakes were very tasty."

The next day, when the Guru went hunting, a Sikh packed some food and took it along. He thought that the Guru asked for food from that woman the previous day because he felt hungry. In due time, the Sikh requested the Guru to take meals. The Guru said, "Meals are taken in the community kitchen and not in the way like this. There are some principles which are followed when taking food." At this, the Sikh asked respectfully, "Yesterday, you took food on the horseback without even washing your hands." The Guru said, "That was due to the love of the old woman who had prepared and kept the food for me and was waiting. Bound by her affection, I went and took that food."

In those days, while there were adorers of the Guru's institution, there were others who were jealous. Guru Har Rai was visiting Kartarpur. There, one day a son of a Brahmin died. His parents and relatives started crying. Dhir Mall, the elder brother of the Guru was living there who had used many fair and foul means to become the Guru but had failed. He said to the Brahmins, "There is no need for you to cry. Guru Har Rai, who is bestowing life on to the people, is currently in your town. You should also go and request him to revive your son."

That Brahmin carried the corpse of his son to the Guru's camp. The Brahmin requested the Guru to revive his son. The Guru reasoned with the Brahmin, "Everyone should abide by the will of God. All that are born must die one day." Inspite of the preaching of the Guru, the Brahmin insisted on the revival of his son. The Guru said to him, "This boy can regain his life if someone else dies for him." At these words of the Guru the parents and other relatives of the boy fell silent. When none of them came forward to give up his life, the Guru said, "Is anyone else ready to die for this noble cause ?" Hearing these words of the Guru, Jiwan the son of Bhai Bhagtu, sitting in the congregation, got up and went home. On reaching home he lay down, covered himself with a sheet and gave up his life after offering prayer. When Jiwan breathed his last, the Brahmin's son revived and sat up. The Brahmin started praising the Guru's institution seeing his son alive.

ਆਤਮਿਕ ਅਨੰਦ ਰਾਜ ਤੋਂ ਉੱਤੇ Eternal Happiness above Kingdom



ਆਤਮਿਕ ਅਨੰਦ ਰਾਜ ਤੋਂ ਉੱਤੇ

8 ਅਪ੍ਰੈਲ, 1648 ਈਸਵੀ ਨੂੰ ਸ਼ਾਹ ਜਹਾਨ ਨੇ ਆਪਣੀ ਰਾਜਧਾਨੀ ਆਗਰੇ ਤੋਂ ਦਿੱਲੀ ਲੈ ਆਂਦੀ, ਜਿਸ ਨਾਲ ਉਹ 125 ਮੀਲ ਪੰਜਾਬ ਦੇ ਨੇੜੇ ਹੋ ਗਿਆ, ਜਿੱਥੇ ਉਸਦਾ ਪਿਆਰਾ ਪੁੱਤਰ ਦਾਰਾ ਸ਼ਿਕੋਹ ਗਵਰਨਰ ਸੀ। ਦਸੰਬਰ 1657 ਈਸਵੀ ਵਿਚ ਉਹ ਸਖ਼ਤ ਬੀਮਾਰ ਹੋ ਗਿਆ। ਉਸਨੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਰਾਜ ਦੇਣ ਦਾ ਵਿਚਾਰ ਕਰ ਲਿਆ। ਔਰੰਗਜ਼ੇਬ ਦੱਖਣ ਵਿਚ ਸੀ, ਜਦੋਂ ਉਸਨੂੰ ਇਹ ਖ਼ਬਰ ਮਿਲੀ ਤਾਂ ਉਸਨੇ ਆਪਣੇ ਦੂਜੇ ਭਰਾ ਮੁਰਾਦ ਨੂੰ, ਜਿਹੜਾ ਗੁਜਰਾਤ ਦਾ ਗਵਰਨਰ ਸੀ, ਕਿਹਾ, "ਮੈਂ ਨਹੀਂ ਚਾਹੁੰਦਾ ਕਿ ਦਾਰਾ ਸ਼ਿਕੋਹ ਵਰਗਾ ਸੂਫ਼ੀ, ਬਾਦਸ਼ਾਹ ਬਣੇ। ਉਸਦੇ ਬਾਦਸ਼ਾਹ ਬਣਨ ਨਾਲ ਦੇਸ਼ ਵਿਚ ਇਸਲਾਮ ਖ਼ਤਮ ਹੋ ਜਾਵੇਗਾ। ਮੈਂ ਚਾਹੁੰਦਾ ਹਾਂ ਕਿ ਤੂੰ ਬਾਦਸ਼ਾਹ ਬਣੇਂ। ਮੈਨੂੰ ਬਾਦਸ਼ਾਹ ਬਣਨ ਨਾਲ ਕੋਈ ਲਗਾਉ ਨਹੀਂ।" ਮੁਰਾਦ ਔਰੰਗਜ਼ੇਬ ਦੇ ਧੋਖੇ ਵਿਚ ਫਸ ਗਿਆ। ਉਹ ਦੋਵੇਂ ਇਕੱਠੇ ਹੋ ਕੇ ਆਗਰੇ ਵੱਲ ਨੂੰ ਫ਼ੌਜਾਂ ਲੈ ਕੇ ਚਲ ਪਏ। ਆਗਰੇ ਦੇ ਨੇੜੇ ਸ਼ਾਮੂਗੜ੍ਹ ਦੇ ਮੁਕਾਮ 'ਤੇ ਉਨ੍ਹਾਂ ਦਾ ਟਾਕਰਾ ਦਾਰਾ ਸ਼ਿਕੋਹ ਦੀਆਂ ਫ਼ੌਜਾਂ ਨਾਲ ਹੋ ਗਿਆ। ਦਾਰਾ ਸ਼ਿਕੋਹ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਔਰੰਗਜ਼ੇਬ ਨੇ ਆਗਰੇ ਪੁੱਜ ਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ 18 ਜੂਨ, 1658 ਈਸਵੀ ਨੂੰ ਕਿਲ੍ਹੇ ਵਿਚ ਕੈਦ ਕਰ ਦਿੱਤਾ। ਉਸ ਪਿੱਛੋਂ ਉਸਨੇ ਦਿੱਲੀ ਪੁੱਜ ਕੇ 31 ਜੁਲਾਈ, 1658 ਈਸਵੀ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਮੁਰਾਦ ਦੀ ਜ਼ਰੂਰਤ ਖ਼ਤਮ ਹੋਣ ਉੱਪਰ ਉਸਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ।

ਦਾਰਾ ਸ਼ਿਕੋਹ ਭਰਾਵਾਂ ਦੇ ਦਿੱਲੀ ਪੁੱਜਣ ਤੋਂ ਪਹਿਲਾਂ ਦਿੱਲੀ ਤੋਂ ਖ਼ਜ਼ਾਨਾ ਲੈ ਕੇ ਪੰਜਾਬ ਵੱਲ ਭੱਜ ਆਇਆ। ਦਾਰਾ ਸ਼ਿਕੋਹ ਪਾਸ ਫ਼ੌਜ ਤੇ ਖ਼ਜ਼ਾਨਾ ਹੁੰਦੇ ਹੋਏ ਵੀ ਬਾਦਸ਼ਾਹਾਂ ਵਰਗਾ ਬਹਾਦਰ ਤੇ ਸਖ਼ਤ ਦਿਲ ਨਹੀਂ ਸੀ। ਫ਼ਕੀਰਾਂ ਦੀ ਸੰਗਤ ਕਰਨ ਨਾਲ ਉਸਦਾ ਹਿਰਦਾ ਫ਼ਕੀਰਾਂ ਵਰਗਾ ਕੋਮਲ ਹੋ ਗਿਆ ਸੀ। ਉਸਦਾ ਪੀਰ ਸ਼ਾਹ ਮੁਹੰਮਦ ਸੀ, ਜਿਹੜਾ ਸੂਫ਼ੀ ਮੀਆਂ ਮੀਰ ਦਾ ਚੇਲਾ ਸੀ। ਸਰਮਦ ਵਰਗੇ ਫ਼ਕੀਰਾਂ ਨਾਲ ਉਸਦੀ ਮਿਲਣੀ ਸੀ, ਜਿਨ੍ਹਾਂ ਨੇ ਘਰ-ਬਾਰ ਤੇ ਤਨ ਦੇ ਕੱਪੜੇ ਤਿਆਗੇ ਹੋਏ ਸਨ। ਉਸਦਾ ਗੁਰੂ-ਘਰ ਆਉਣਾ ਆਮ ਸੀ।

ਦਾਰਾ ਸ਼ਿਕੋਹ ਲਾਹੌਰ ਨੂੰ ਜਾਂਦਾ ਹੋਇਆ 11 ਜੁਲਾਈ, 1658 ਈਸਵੀ ਨੂੰ ਗੁਰੂ ਹਰਿ ਰਾਇ ਜੀ ਨੂੰ ਗੋਇੰਦਵਾਲ ਮਿਲਣ ਲਈ ਆਇਆ। ਗੁਰੂ ਜੀ ਨੇ ਦਾਰਾ ਸ਼ਿਕੋਹ ਨੂੰ ਪੁੱਛਿਆ, "ਜੇ ਤੂੰ ਚਾਹੇਂ ਤਾਂ ਅਸੀਂ ਤੈਨੂੰ ਦਿੱਲੀ ਦਾ ਰਾਜ ਦਿਵਾ ਸਕਦੇ ਹਾਂ ?" ਉਸਨੇ ਉੱਤਰ ਦਿੱਤਾ, "ਸੱਚੇ ਪਾਤਸ਼ਾਹ, ਮੈਂ ਦਿੱਲੀ ਦਾ ਰਾਜ ਲੈ ਕੇ ਕੀ ਕਰਾਂਗਾ, ਜਿੱਥੇ ਦਿਨ ਰਾਤ ਲੜਾਈ ਝਗੜੇ ਹੀ ਹਨ। ਜਿੱਥੇ ਪਹਿਲਾਂ ਆਪ ਨੇ ਮੇਰਾ ਸਰੀਰਕ ਰੋਗ ਦੂਰ ਕੀਤਾ ਸੀ, ਹੁਣ ਮੈਨੂੰ ਉਹ ਗਿਆਨ ਦੇਵੋ, ਜਿਸ ਨਾਲ ਮੇਰਾ ਆਤਮਿਕ ਰੋਗ ਦੂਰ ਹੋ ਜਾਵੇ ਤੇ ਮੈਨੂੰ ਆਤਮਿਕ ਅਨੰਦ ਮਿਲੇ।" ਗੁਰੂ ਜੀ ਨੇ ਕਿਹਾ, "ਆਤਮਿਕ ਅਨੰਦ ਖ਼ੁਦਾ ਦਾ ਭਾਣਾ ਮੰਨਣ ਵਿਚ ਹੈ। ਉਸਦਾ ਭਾਣਾ ਤਦ ਹੀ ਮੰਨਿਆ ਜਾ ਸਕਦਾ ਹੈ ਜੇ ਉਸ ਨਾਲ ਪ੍ਰੇਮ ਹੋਵੇ। ਪ੍ਰੇਮ ਵੀ ਇਸ ਤਰ੍ਹਾਂ ਦਾ ਹੋਵੇ, ਜਿਵੇਂ ਆਪਣਾ ਸਿਰ ਆਪ ਹੀ ਕੱਟ ਕੇ, ਹੱਥ ਦੀ ਤਲੀ ਉੱਪਰ ਧਰ ਕੇ ਉਸ ਨੂੰ ਭੇਟ ਕਰ ਦਿੱਤਾ ਹੋਵੇ।" ਗੁਰੂ ਜੀ ਦੇ ਬਚਨ ਸੁਣ ਕੇ ਉਸਨੇ ਕਿਹਾ, "ਜਿਸ ਵਸਤੂ ਲਈ ਮੈਂ ਆਪ ਦੇ ਪਾਸ ਹਾਜ਼ਰ ਹੋਇਆ ਸੀ, ਉਹ ਮਿਲ ਗਈ ਹੈ।" ਉਸ ਪਿੱਛੋਂ ਉਹ ਲਾਹੌਰ ਨੂੰ ਚਲਿਆ ਗਿਆ।

ਦਾਰਾ ਸ਼ਿਕੋਹ ਔਰੰਗਜ਼ੇਬ ਵਰਗਾ ਚਲਾਕ ਤੇ ਦਗ਼ਾਬਾਜ਼ ਨਹੀਂ ਸੀ। ਇਸ ਲਈ ਲਾਹੌਰ ਤੇ ਮੁਲਤਾਨ ਦੇ ਦਰੋਗਿਆਂ ਨੇ ਉਸਦਾ ਸਾਥ ਨਾ ਦਿੱਤਾ। ਉਹ ਮੁਲਤਾਨ ਤੋਂ ਸਿੰਧ ਚਲਿਆ ਗਿਆ ਜਿੱਥੇ ਇੱਕ ਸਰਦਾਰ ਮਲਕ ਜੀਵਨ ਨੇ ਉਸਨੂੰ ਤੇ ਉਸਦੇ ਪੁੱਤਰ ਨੂੰ ਜੂਨਾ ਨਗਰ ਵਿੱਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਪੇਸ਼ ਕਰ ਦਿੱਤਾ। 30 ਅਗਸਤ, 1659 ਈਸਵੀ ਦੇ ਈਦ ਵਾਲੇ ਦਿਨ, ਔਰੰਗਜ਼ੇਬ ਨੇ ਉਸਦਾ ਸਿਰ ਕਲਮ ਕਰ ਕੇ ਇੱਕ ਥਾਲੀ ਵਿਚ ਰਖ ਕੇ, ਆਪਣੇ ਪਿਤਾ ਨੂੰ ਜੇਲ੍ਹ ਵਿਚ ਤੋਹਫ਼ੇ ਵਜੋਂ ਪੇਸ਼ ਕੀਤਾ।

Eternal Happiness above Kingdom

Shah Jahan shifted the capital from Agra to Delhi on 8th April, 1648 A.D., which brought him one hundred twenty-five miles nearer to Punjab where his favourite son Dara Shikoh was the Governor. Shah Jahan fell seriously ill in December 1657 A.D. He made up his mind to hand over his kingdom to his eldest son, Dara Shikoh. Aurangzeb was in Deccan (South India) when he got this news. He said to his other brother Murad, who was Governor of Gujrat, "I do not want that a Sufi (liberal saint) like Dara Shikoh should become the king. If he is given the chance, Islam will be finished in the country. I want you to become the king. I have no desire for the throne." Murad was taken in by the deceit of Aurangzeb. They marched towards Agra with their combined forces. They encountered the forces of Dara Shikoh at Shamugarh near Agra. Dara Shikoh was defeated. Reaching Agra, Aurangzeb imprisoned his father, Shah Jahan, in the fort on the 18th June, 1658 A.D. After that, he came to Delhi and proclaimed himself to be the king on the 31st July, 1658 A.D. Finding no more use of Murad, he had him poisoned to death.

Dara Shikoh fled to Punjab with royal treasure before the arrival of his brothers at Delhi. He was not brave and cruel like kings inspite of being in possession of treasure and forces. The company of the saints had made him compassionate like saints. He was a follower of Pir Shah Mohammed who was a disciple of Sufi Mian Mir. Dara Shikoh loved the company of saints like Sarmad who had given up his hearth and home and even clothes. It was usual for him to come to the Guru's institution.

On his way to Lahore, Dara Shikoh came to Goindwal on the 11th July, 1658 A.D. to meet Guru Har Rai. The Guru asked Dara Shikoh, "I can get you the throne of Delhi if you wish." He replied, "O true king ! What shall I do with the throne of Delhi where there is fighting and disputes day and night ? You have cured me of my physical ailment previously. Please give me enlightenment so that I be cured of spiritual ills and get spiritual bliss." The Guru said, "Spiritual bliss lies in bowing to the will of the Lord. Submission to His will is possible only if you love Him. Love should be such that you offer your severed head on your palm to Him." Listening to these words of the Guru he said, "I have got whatever I had come to you to seek." After that he proceeded to Lahore.

Dara Shikoh was not as cunning and deceitful as Aurangzeb. As such the garrison commanders of Lahore and Multan did not stand by him. From Multan he proceeded to Sindh where Malik Jiwan, a chief arrested him and his son from Juna Nagar and produced them at Delhi. On the Id day, the 30th August 1659 A.D., Aurangzeb beheaded him and sent his head on a plate to his father as an Id present, in the prison.

ਔਰੰਗਜ਼ੇਬ ਦਾ ਸੱਦਾ

ਔਰੰਗਜ਼ੇਬ ਨੇ ਆਪਣੇ ਤਿੰਨਾਂ ਭਰਾਵਾਂ, ਦਾਰਾ ਸ਼ਿਕੋਹ ਦੇ ਦੋਵੇਂ ਪੁੱਤਰਾਂ ਤੇ ਆਪਣੇ ਸੱਤ ਸਾਲ ਦੇ ਪੁੱਤਰ ਬਹਾਦਰ ਸ਼ਾਹ ਨੂੰ ਛੱਡ ਕੇ, ਵੱਡੇ ਦੋਵੇਂ ਪੁੱਤਰਾਂ ਨੂੰ ਖ਼ਤਮ ਕਰ ਦਿੱਤਾ ਤਾਂ ਜੁ ਕੋਈ ਰਾਜ ਪ੍ਰਾਪਤ ਕਰਨ ਲਈ ਬਗ਼ਾਵਤ ਨਾ ਕਰੇ। ਉਸਨੇ ਰਾਜ ਦੇ ਦਾਅਵੇਦਾਰਾਂ ਵਲੋਂ ਬੇਫ਼ਿਕਰ ਹੋ ਕੇ ਸਿੱਖਾਂ ਦੀ ਵਧਦੀ ਤਾਕਤ ਵੱਲ ਧਿਆਨ ਦਿੱਤਾ। ਉਸਨੇ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਹਾਜ਼ਰ ਹੋਣ ਲਈ ਸੱਦਾ-ਪੱਤਰ ਭੇਜਿਆ। ਗੁਰੂ ਜੀ ਨੇ ਦਿੱਲੀ ਜਾਣਾ ਠੀਕ ਨਾ ਸਮਝਿਆ। ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖਿਆ, "ਅਸੀਂ ਤੇਰਾ ਕੋਈ ਮੁਲਕ ਨਹੀਂ ਦਬਾਇਆ ਹੋਇਆ ਤੇ ਨਾ ਹੀ ਅਸੀਂ ਤੇਰਾ ਕੁਝ ਦੇਣਾ ਹੈ ਤਾਂ ਫਿਰ ਅਸੀਂ ਤੇਰੇ ਪਾਸ ਕਿਉਂ ਆਈਏ ?" ਇਹ ਉੱਤਰ ਮਿਲਣ ਉੱਪਰ ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਖਲੀਲ ਉੱਲਾ ਖ਼ਾਨ ਨੂੰ ਹੁਕਮ ਕੀਤਾ, "ਸਿੱਖਾਂ ਦੇ ਗੁਰੂ ਨਾਲ ਨਿਪਟੋ, ਜਿਸਨੇ ਮੇਰਾ ਹੁਕਮ ਨਹੀਂ ਮੰਨਿਆ।"

ਔਰੰਗਜ਼ੇਬ ਦਾ ਪੱਤਰ ਮਿਲਣ 'ਤੇ ਲਾਹੌਰ ਦੇ ਗਵਰਨਰ ਨੇ ਮਨਸਬ ਵਾਲੇ ਜ਼ਾਲਿਮ ਖ਼ਾਨ ਨੂੰ ਦਸ ਹਜ਼ਾਰ ਘੋੜ-ਅਸਵਾਰ ਦੇ ਕੇ ਕੀਰਤਪੁਰ ਉੱਪਰ ਹਮਲਾ ਕਰਨ ਲਈ ਭੇਜਿਆ ਅਤੇ ਉਸਨੂੰ ਹੁਕਮ ਕੀਤਾ ਕਿ ਉਹ ਗੁਰੂ ਨੂੰ ਬੰਦੀ ਬਣਾ ਕੇ ਲਾਹੌਰ ਹਾਜ਼ਰ ਕਰੇ। ਜ਼ਾਲਿਮ ਖ਼ਾਨ ਰਸਤੇ ਦੇ ਪਹਿਲੇ ਪੜਾਉ 'ਤੇ ਹੀ ਸੀ, ਜਦੋਂ ਉਸਦੀ ਕੱਚਾ ਮਾਸ ਖਾਣ ਨਾਲ ਮੌਤ ਹੋ ਗਈ। ਉਸਦੀ ਫ਼ੌਜ ਲਾਹੌਰ ਮੁੜ ਆਈ।

ਦੂਜੀ ਵਾਰੀ ਗਵਰਨਰ ਨੇ ਕੰਧਾਰ ਦੇ ਜਰਨੈਲ ਦੂੰਦੇ ਖ਼ਾਨ ਨੂੰ ਭੇਜਿਆ। ਜਦੋਂ ਉਹ ਜਲੰਧਰ ਦੇ ਨੇੜੇ ਕਰਤਾਰਪੁਰ ਪੁੱਜਿਆ ਤਾਂ ਉਸਦੇ ਦੁਸ਼ਮਣਾਂ ਉਸਦਾ ਸੁੱਤੇ ਪਏ ਦਾ ਖ਼ੂਨ ਕਰ ਦਿੱਤਾ। ਫੌਜ ਆਗੂ ਤੋਂ ਬਿਨਾ ਲਾਹੌਰ ਪਰਤ ਗਈ।

ਤੀਜੀ ਵਾਰੀ ਲਾਹੌਰ ਦੇ ਗਵਰਨਰ ਨੇ ਸਹਾਰਨਪੁਰ ਦੇ ਨਾਹਰ ਖ਼ਾਨ ਨੂੰ ਕੀਰਤਪੁਰ ਉੱਪਰ ਚੜ੍ਹਾਈ ਕਰਨ ਲਈ ਭੇਜਿਆ। ਰਸਤੇ ਵਿਚ ਉਸਦੀ ਫ਼ੌਜ ਵਿਚ ਹੈਜ਼ੇ ਦੀ ਬੀਮਾਰੀ ਫੈਲ ਗਈ। ਉਸਦੀ ਬਹੁਤ ਸਾਰੀ ਫ਼ੌਜ ਬੀਮਾਰੀ ਦਾ ਸ਼ਿਕਾਰ ਹੋ ਗਈ। ਰਹਿੰਦੀ ਫ਼ੌਜ ਨੂੰ ਜਦ ਪਤਾ ਲੱਗਾ ਕਿ ਇਹ ਆਫ਼ਤ ਗੁਰੂ ਉੱਪਰ ਚੜ੍ਹਾਈ ਕਰਨ ਜਾਣ ਨਾਲ ਆਈ ਸੀ ਤਾਂ ਉਨ੍ਹਾਂ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਉਸ ਪਿੱਛੋਂ ਕੋਈ ਵੀ ਜਰਨੈਲ ਕੀਰਤਪੁਰ ਉੱਪਰ ਚੜ੍ਹਾਈ ਕਰਨ ਲਈ ਤਿਆਰ ਨਾ ਹੋਇਆ। ਉਨ੍ਹਾਂ ਸਾਰਿਆਂ ਨੇ ਸਿੱਖਾਂ ਪਾਸੋਂ ਸੁਣ ਲਿਆ ਸੀ ਕਿ ਗੁਰੂ ਹਰਿਗੋਬਿੰਦ ਜੀ ਨੇ ਗੁਰ-ਗੱਦੀ ਦੇਣ ਸਮੇਂ ਬਚਨ ਕੀਤੇ ਸਨ ਕਿ ਜਿਹੜਾ ਵੀ ਤੁਸਾਂ ਉੱਪਰ ਚੜ੍ਹਾਈ ਕਰੇਗਾ, ਉਸਦਾ ਰਸਤੇ ਵਿਚ ਨਾਸ਼ ਹੋ ਜਾਵੇਗਾ। ਸਿੱਖਾਂ ਦੇ ਗੁਰੂ ਦੇ ਬਚਨ ਸੱਚੇ ਹੋ ਰਹੇ ਸਨ।

ਔਰੰਗਜ਼ੇਬ ਨੇ ਦੇਖ ਲਿਆ ਕਿ ਗੁਰੂ ਹਰਿ ਰਾਇ ਜੀ ਨੂੰ ਜ਼ਬਰਦਸਤੀ ਦਿੱਲੀ ਨਹੀਂ ਲਿਆਂਦਾ ਜਾ ਸਕਦਾ। ਉਸਨੇ ਦੀਵਾਨ ਸ਼ਿਵ ਦਿਆਲ, ਜਿਹੜਾ ਗੁਰੂ ਦਾ ਸਿੱਖ ਸੀ, ਨੂੰ ਹੁਕਮ ਕੀਤਾ ਕਿ ਉਹ ਕੀਰਤਪੁਰ ਜਾ ਕੇ ਗੁਰੂ ਨੂੰ ਬੇਨਤੀ ਕਰ ਕੇ ਆਪਣੇ ਨਾਲ ਦਿੱਲੀ ਲੈ ਆਵੇ। ਦੀਵਾਨ ਸ਼ਿਵ ਦਿਆਲ ਨੇ ਕੀਰਤਪੁਰ ਪੁੱਜ ਕੇ ਗੁਰੂ ਹਰਿ ਰਾਇ ਜੀ ਅੱਗੇ ਬੇਨਤੀ ਕੀਤੀ, "ਆਪ ਦਿੱਲੀ ਚਲ ਕੇ ਸੰਗਤਾਂ ਨੂੰ ਦਰਸ਼ਨ ਦੇਵੋ ਤੇ ਔਰੰਗਜ਼ੇਬ ਨੂੰ ਇਸ ਤਰ੍ਹਾਂ ਦਾ ਜ਼ੁਲਮ ਕਰਨ ਤੋਂ ਰੋਕੋ ਤੇ ਉਸਨੂੰ ਸੱਚੀ ਸਿੱਖਿਆ ਦੇਵੋ।" ਗੁਰੂ ਜੀ ਨੇ ਦੀਵਾਨ ਨੂੰ ਕਿਹਾ, "ਅਸੀਂ ਬਾਦਸ਼ਾਹ ਦੇ ਮੱਥੇ ਨਾ ਲੱਗਣ ਦਾ ਪ੍ਰਣ ਕਰ ਚੁੱਕੇ ਹਾਂ, ਇਸ ਲਈ ਅਸੀਂ ਦਿੱਲੀ ਨਹੀਂ ਜਾ ਸਕਦੇ, ਪਰ ਅਸੀਂ ਆਪ ਦੇ ਨਾਲ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਆਪਣਾ ਪ੍ਰਤੀਨਿਧ ਬਣਾ ਕੇ ਭੇਜ ਦਿੰਦੇ ਹਾਂ।" ਗੁਰੂ ਜੀ ਨੇ ਆਪਣੇ ਗਿਆਰਾਂ ਸਾਲਾਂ ਦੇ ਪੁੱਤਰ ਨੂੰ ਦਿੱਲੀ ਦੇ ਦੀਵਾਨ ਨਾਲ ਤੋਰਨ ਤੋਂ ਪਹਿਲਾਂ ਉਸਨੂੰ ਕਿਹਾ, "ਤੁਸੀਂ ਆਪਣੇ ਧਰਮ ਉੱਪਰ ਪੱਕੇ ਰਹਿਣਾ। ਜੋ ਚਾਹੋਗੇ ਸੋ ਹੋਵੇਗਾ।"

ਔਰੰਗਜ਼ੇਬ ਦਾ ਸੱਦਾ

Invitation from Aurangzeb.



Invitation from Aurangzeb

Aurangzeb got his three brothers, both sons of Dara Shikoh and his own two elder sons killed, leaving only his seven year old son, Bahadur Shah so that none might rebel for the throne. Having got rid of the worry about claimants of the throne, he turned his attention towards the growing power of the Sikhs. He sent an invitation to Guru Har Rai to present himself at Delhi. The Guru thought that it was not proper to go to Delhi. He wrote back to Aurangzeb, "I have neither occupied any territory of yours nor do I owe anything to you. Why should then, I come to you ?" At this reply, Aurangzeb ordered Khalil Khan, the Governor of Lahore, "Deal with the Guru of the Sikhs who has not obeyed me."

At the receipt of the letter from Aurangzeb, the Governor of Lahore sent Commander Zalim Khan with ten thousand horsemen to attack Kiratpur with the orders to arrest the Guru and present him at Lahore. Zalim Khan was on the first leg of his journey when he died after eating raw meat. His army returned to Lahore.


The second time, the Governor sent Doonde Khan, general of Kandhaar. When he reached Kartarpur near Jalandhar, his enemies murdered him during sleep. His leaderless army returned to Lahore.

The third time, the Governor of Lahore sent Nahar Khan of Saharanpur to march on to Kiratpur. On the way, cholera broke out among his forces. A large part of his forces fell prey to the epidemic. When the rest of the army realised that this affliction was the result of marching on to the Guru, they refused to go further. No general agreed to mount an attack on Kiratpur after that. They had all heard from the Sikhs that at the time of installing Guru Har Rai as Guru. Guru Hargobind had said, "Whosoever marches on you, will be destroyed in the way." The words of the Guru of the Sikhs were coming true.

Aurangzeb realised that it was not possible to bring Guru Har Rai to Delhi by force. He ordered Diwan Shiv Dayal who was a devotee of the Guru, to go to Kiratrpur, request the Guru and bring him to Delhi. Reaching Kiratpur, Diwan Shiv Dayal prayed to Guru Har Rai, "Please come to Delhi to give audience to the devotees, stop Aurangzeb from committing tyranny of this type and show him the path of truth." The Guru said to the Diwan, "I have resolved not to go before the king. So I cannot go to Delhi but I shall send my elder son, Ram Rai, as my representative to accompany you." Before sending his eleven year old son to Delhi with the Diwan, the Guru said to him, "Stand firmly on your faith. Whatever you wish will happen."

ਰਾਮ ਰਾਇ ਨੂੰ ਤਿਆਗਣਾ

Desertion of Ram Rai



ਰਾਮ ਰਾਇ ਨੂੰ ਤਿਆਗਣਾ

ਬਾਬਾ ਰਾਮ ਰਾਇ ਦੀ ਉਮਰ ਦਿੱਲੀ ਜਾਣ ਸਮੇਂ ਭਾਵੇਂ ਗਿਆਰਾਂ ਸਾਲਾਂ ਦੀ ਸੀ, ਪਰ ਬੜੇ ਗੁਣੀ ਗਿਆਨੀ ਤੇ ਹਾਜ਼ਰ-ਜਵਾਬ ਸਨ। ਗੁਰੂ ਹਰਿ ਰਾਇ ਜੀ ਨੇ ਉਨ੍ਹਾਂ ਨੂੰ ਦਿੱਲੀ ਨੂੰ ਤੋਰਨ ਤੋਂ ਪਹਿਲਾਂ ਗੁਰੂ-ਘਰ ਦੀਆਂ ਸ਼ਕਤੀਆਂ, ਸਲਾਹ ਕਰਨ ਲਈ ਭਾਈ ਗੁਰਦਾਸ, ਤਾਰਾ, ਪੰਜਾਬਾ ਤੇ ਜ਼ੋਕੀ ਖ਼ੁਸ਼ਾਲੀ ਵਰਗੇ ਸਿਆਣੇ ਸਿੱਖ ਤੇ ਬਾਈ ਘੋੜ ਅਸਵਾਰ ਨਾਲ ਦਿੱਤੇ। ਦਿੱਲੀ ਪੁੱਜਣ ਉੱਪਰ ਉਨ੍ਹਾਂ ਦਾ ਡੇਰਾ ਮਜਨੂੰ ਟਿੱਲੇ ਕਰਵਾਇਆ ਗਿਆ।

ਔਰੰਗਜ਼ੇਬ ਦੇ ਹੁਕਮ ਅਨੁਸਾਰ, ਇੱਕ ਦਿਨ ਦੀਵਾਨ ਸ਼ਿਵ ਦਿਆਲ, ਬਾਬਾ ਰਾਮ ਰਾਇ ਨੂੰ ਨਾਲ ਲੈ ਕੇ ਦਰਬਾਰ ਵਿਚ ਹਾਜ਼ਰ ਹੋਇਆ। ਔਰੰਗਜ਼ੇਬ ਬਾਬਾ ਰਾਮ ਰਾਇ ਦਾ ਕੁਦਰਤੀ ਨੂਰ ਦੇਖ ਕੇ ਦੰਗ ਰਹਿ ਗਿਆ। ਔਰੰਗਜ਼ੇਬ ਨੇ ਉਨ੍ਹਾਂ ਨੂੰ ਆਪਣੇ ਪਾਸ ਬਿਠਾ ਕੇ ਕੁਝ ਸਵਾਲ ਪੁੱਛੇ, ਜਿਨ੍ਹਾਂ ਦਾ ਉੱਤਰ ਉਨ੍ਹਾਂ ਬੜੇ ਸੁਚੱਜੇ ਢੰਗ ਨਾਲ ਦਿੱਤਾ। ਉਸ ਤਰ੍ਹਾਂ ਦੀ ਹਾਜ਼ਰ-ਜਵਾਬੀ ਨੇ ਔਰੰਗਜ਼ੇਬ ਦੀ ਹੈਰਾਨੀ ਵਾਲੀ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ। ਔਰੰਗਜ਼ੇਬ ਨੇ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਡੇਰੇ ਲਈ ਵਿਦਾ ਕੀਤਾ। ਕੁਝ ਮਿਲਣੀਆਂ ਪਿੱਛੋਂ ਬਾਬਾ ਰਾਮ ਰਾਇ ਜੀ ਭੁੱਲ ਗਏ ਕਿ ਦਰਬਾਰ ਵਿਚ ਉਨ੍ਹਾਂ ਦਾ ਸਤਿਕਾਰ ਗੁਰੂ ਨਾਨਕ ਦੀ ਕ੍ਰਿਪਾ ਨਾਲ ਹੋ ਰਿਹਾ ਸੀ। ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਦਾ ਆਦਰ ਉਨ੍ਹਾਂ ਦੇ ਗੁਣਾਂ ਕਾਰਨ ਸੀ।

ਇੱਕ ਦਿਨ ਔਰੰਗਜ਼ੇਬ ਨੇ ਉਨ੍ਹਾਂ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ। ਉਨ੍ਹਾਂ ਨੇ ਬਿਨਾ ਕਿਸੇ ਝਿਜਕ ਤੋਂ ਕਰਾਮਾਤ ਦਿਖਾ ਦਿੱਤੀ। ਉਨ੍ਹਾਂ ਨੂੰ ਇਹ ਵੀ ਯਾਦ ਨਾ ਰਿਹਾ ਕਿ ਗੁਰੂ-ਘਰ ਵਿਚ ਕਰਾਮਾਤ ਦਿਖਾਉਣਾ ਪਰਮਾਤਮਾ ਦਾ ਸ਼ਰੀਕ ਬਣਨਾ ਹੈ । ਕਰਾਮਾਤ ਸੱਚ ਤੋਂ ਦੂਰ ਲੈ ਜਾਂਦੀ ਹੈ। ਗੁਰੂ-ਘਰ ਹਰ ਇੱਕ ਨੂੰ ਸੱਚ ਨਾਲ ਅਭੇਦ ਹੋਣ ਦੀ ਪ੍ਰੇਰਨਾ ਕਰਦਾ ਹੈ। ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਉਨ੍ਹਾਂ 72 ਕਰਾਮਾਤਾਂ ਦਿਖਾਈਆਂ। ਇਹ ਮਦਾਰੀਆਂ ਵਾਲੇ ਖੇਲ ਦੇਖ ਕੇ ਔਰੰਗਜ਼ੇਬ ਬਹੁਤ ਖ਼ੁਸ਼ ਹੁੰਦਾ ਤੇ ਉਹ ਬਾਬਾ ਰਾਮ ਰਾਇ ਨੂੰ ਬਹੁਤ ਕੀਮਤੀ ਸੁਗਾਤਾਂ ਭੇਟ ਕਰਦਾ। ਬਾਬਾ ਰਾਮ ਰਾਇ ਨੂੰ ਉਹ ਸੱਚਾ ਫ਼ਕੀਰ ਮੰਨਣ ਲੱਗਾ। ਸ਼ਾਹੀ ਮੌਲਵੀ ਜ਼ਾਹਰਾ ਕਰਾਮਾਤਾਂ ਦੇਖ ਕੇ ਬਾਬਾ ਰਾਮ ਰਾਇ ਪਾਸੋਂ ਡਰਨ ਲੱਗੇ।

ਮੁਸਲਮਾਨਾਂ ਨੂੰ ਇਹ ਯਕੀਨ ਹੈ ਕਿ ਇਨਸਾਫ਼ ਵਾਲੇ ਦਿਨ ਬਿਗਲ ਵੱਜੇਗਾ ਤੇ ਉਨ੍ਹਾਂ ਦੀਆਂ ਰੂਹਾਂ ਕਬਰਾਂ ਵਿੱਚੋਂ ਉੱਠਣਗੀਆਂ ਅਤੇ ਉਨ੍ਹਾਂ ਦੇ ਪਿਛਲੇ ਕੀਤੇ ਕਰਮਾਂ ਦੇ ਫ਼ੈਸਲੇ ਹੋਣਗੇ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਕਹਿੰਦੇ ਹਨ, "ਘੁਮਿਆਰ ਕਬਰਾਂ ਦੀ ਮਿੱਟੀ ਲੈ ਕੇ ਭਾਂਡੇ ਤੇ ਇੱਟਾਂ ਬਣਾਉਂਦਾ ਹੈ। ਉਨ੍ਹਾਂ ਨੂੰ ਪਕਾਉਣ ਲਈ ਅੱਗ ਵਿਚ ਪਾਉਂਦਾ ਹੈ, ਜੇ ਰੂਹਾਂ ਉਸ ਕਬਰ ਦੀ ਮਿੱਟੀ ਵਿਚ ਹੋਣ ਤਾਂ ਅੱਗ ਵਿਚ ਪਾਈਆਂ ਹੋਈਆਂ ਉਹ ਰੋਣ ਤੇ ਕੁਰਲਾਉਣ, ਪਰ ਉਨ੍ਹਾਂ ਵਿੱਚੋਂ ਰੂਹਾਂ ਦੇ ਰੋਣ ਦੀ ਅਵਾਜ ਨਹੀਂ ਆਉਂਦੀ।"

ਇੱਕ ਦਿਨ ਕਾਜ਼ੀਆਂ ਦੇ ਯਾਦ ਕਰਵਾਉਣ 'ਤੇ ਔਰੰਗਜ਼ੇਬ ਨੇ ਬਾਬਾ ਰਾਮ ਰਾਇ ਨੂੰ ਪੁੱਛਿਆ, "ਬਾਬੇ ਨਾਨਕ ਨੇ 'ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ' ਉਚਾਰਨ ਕਰ ਕੇ ਮੁਸਲਮਾਨਾਂ ਦੀ ਨਿਖੇਧੀ ਕੀਤੀ ਹੈ।" ਬਾਬਾ ਰਾਮ ਰਾਇ ਨੂੰ ਔਰੰਗਜ਼ੇਬ ਦੇ ਕੀਮਤੀ ਤੋਹਫ਼ਿਆਂ ਤੇ ਸ਼ਾਹੀ ਸਤਿਕਾਰ ਨੇ ਸੱਚ ਭੁਲਾ ਦਿੱਤਾ ਸੀ। ਉਸਨੇ ਕਿਹਾ, "ਗੁਰੂ ਨਾਨਕ ਜੀ ਨੇ 'ਮਿੱਟੀ ਬੇਈਮਾਨ ਕੀ' ਉਚਾਰਿਆ ਸੀ, ਪਰ ਲਿਖਾਰੀ ਦੀ ਭੁੱਲ ਨਾਲ ਮਿੱਟੀ ਮੁਸਲਮਾਨ ਕੀ ਲਿਖਿਆ ਗਿਆ।" ਗੁਰੂ ਹਰਿ ਰਾਇ ਜੀ ਨੂੰ ਜਦੋਂ ਕੀਰਤਪੁਰ ਗੁਰੂ ਨਾਨਕ ਦੀ ਸੱਚੀ ਬਾਣੀ ਬਦਲਣ ਦੀ ਖ਼ਬਰ ਪੁੱਜੀ ਤਾਂ ਉਨ੍ਹਾਂ ਬਾਬਾ ਰਾਮ ਰਾਇ ਨੂੰ ਪੱਤਰ ਲਿਖ ਦਿੱਤਾ, "ਤੁਸੀਂ ਮੇਰੇ ਮੱਥੇ ਨਹੀਂ ਲੱਗਣਾ। ਤੁਸੀਂ ਝੂਠੇ ਸ਼ਾਹੀ ਸਤਿਕਾਰ ਤੇ ਮਾਣ ਬਦਲੇ ਸੱਚ ਨੂੰ ਵਿਸਾਰ ਦਿੱਤਾ ਹੈ ਤੇ ਗੁਰੂ ਨਾਨਕ ਦੀ ਸੱਚੀ ਬਾਣੀ ਨੂੰ ਝੂਠਾ ਕਹਿ ਦਿੱਤਾ ਹੈ।"

Desertion of Ram Rai

Although Baba Ram Rai was eleven at the time of departure for Delhi, he was well learned and quick witted. Before seeing him off to Delhi, Guru Har Rai bestowed him with powers of the Guru's institution and sent wise Sikhs like Bhai Gurdas, Tara, Punjaba and Zoki Khushali for consultation alongwith twenty-two horsemen. On their arrival, they were housed at Majnu Tilla.

On orders of Aurangzeb, Diwan Shiv Dayal, one day, presented himself in the court with Baba Ram Rai. Aurangzeb was amazed to see the natural splendour of Baba Ram Rai. Aurangzeb sat him by his side and asked some questions to which he replied very tactfully. This type of ready wit answers completed the amazement of Aurangzeb. Aurangzeb saw him off to his camp with great respect. After some meetings, Baba Ram Rai forgot that the respect he was getting in the court, was due to the blessings of the Guru. He felt that his honour was on account of his own qualities.

One day, Aurangzeb asked him to show some miracle. He did so without any hesitation. He forgot that in the Guru's institution, showing a miracle was becoming a rival of God. Miracles take one away from truth. To please Aurangzeb, he showed seventy-two miracles. Aurangzeb used to enjoy the juggler's tricks and gave valuable gifts to Baba Ram Rai. He started acknowledging Baba Ram Rai a true saint. The royal Maulvis (Muslim priests) began to fear from Baba Ram Rai after seeing miracles.

It is a belief among Muslims that on the judgement day their souls will rise from graves to the call of bugle and their previous deeds will hold the scales. Guru Nanak says in his verses, "Taking clay from muslim graves, potter moulds it into bricks and vessels, then bakes those in the fire. If there were souls in the clay, they should wail and cry in the fire but the crying of souls is never heard."

Being reminded by the priests, Aurangzeb, one day, asked Baba Ram Rai, "Guru Nanak has condemned Muslims by saying that the clay of Muslims is put in the mould of a potter." The precious gifts of Aurangzeb and royal honour had made Baba Ram Rai forget the truth. He said, "Guru Nanak had recited, clay of beiman (cheater) but due to mistake of the writer, clay of Musalman was written." When Guru Har Rai came to know at Kiratpur about alteration in the true word of Guru Nanak, he wrote a letter to Baba Ram Rai, "Do not show me your face. You have abandoned the truth for the sake of false respect and favour and alleged the true word of Guru Nanak as false."


ਗੁਰ-ਜੋਤ ਅੱਗੇ ਧਰੀ

ਬਾਬਾ ਰਾਮ ਰਾਇ ਜੀ ਦਿੱਲੀ ਹੀ ਸਨ, ਜਦੋਂ ਉਨ੍ਹਾਂ ਨੂੰ ਗੁਰੂ ਹਰਿ ਰਾਇ ਜੀ ਦਾ ਪੱਤਰ ਮਿਲਿਆ। ਉਸ ਪੱਤਰ ਵਿਚ ਲਿਖਿਆ ਸੀ, "ਤੂੰ ਮੇਰੇ ਮੱਥੇ ਨਹੀਂ ਲੱਗਣਾ ਕਿਉਂਕਿ ਤੂੰ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਗੁਰੂ ਨਾਨਕ ਦੀ ਸੱਚੀ ਬਾਣੀ ਬਦਲ ਦਿੱਤੀ ਹੈ। ਤੂੰ ਧਨ ਅਤੇ ਵਡਿਆਈ ਦੇ ਲਾਲਚ ਵਿਚ ਫਸ ਕੇ ਸੱਚ ਨੂੰ ਤਿਆਗ ਦਿੱਤਾ ਤੇ ਝੂਠ ਦਾ ਆਸਰਾ ਲੈ ਲਿਆ। ਤੈਨੂੰ ਗੁਰੂ-ਘਰ ਦੀਆਂ ਸ਼ਕਤੀਆਂ ਦੇ ਕੇ ਦਿੱਲੀ ਭੇਜਿਆ ਸੀ ਤਾਂ ਜੁ ਤੂੰ ਔਰੰਗਜ਼ੇਬ ਨੂੰ ਸੱਚਾ ਰਸਤਾ ਦਿਖਾਵੇਂ ਨਾਕਿ ਤੂੰ ਆਪ ਹੀ ਝੂਠ ਅਪਣਾ ਲਵੇਂ। ਹੁਣ ਤੂੰ ਇਸ ਯੋਗ ਨਹੀਂ ਰਿਹਾ ਕਿ ਗੁਰੂ ਨਾਨਕ ਦੇ ਸੱਚੇ ਅਸੂਲਾਂ ਦੀ ਰਾਖੀ ਕਰ ਸਕੇਂ ਤੇ ਉਨ੍ਹਾਂ ਦਾ ਪ੍ਰਚਾਰ ਕਰ ਸਕੇਂ।"

ਬਾਬਾ ਰਾਮ ਰਾਇ ਨੂੰ ਚਿੱਠੀ ਪੜ੍ਹ ਕੇ ਬਹੁਤ ਪਛਤਾਵਾ ਹੋਇਆ। ਉਨ੍ਹਾਂ ਨੇ ਗੁਰੂ ਨੂੰ ਮਿਲ ਕੇ ਭੁੱਲ ਬਖ਼ਸ਼ਾਉਣ ਦੇ ਵਿਚਾਰ ਨਾਲ ਕੀਰਤਪੁਰ ਦੇ ਨੇੜੇ ਪੁੱਜ ਕੇ ਗੁਰੂ ਜੀ ਨੂੰ ਪੱਤਰ ਲਿਖਿਆ। ਗੁਰੂ ਜੀ ਨੇ ਉਸਦੇ ਉੱਤਰ ਵਿਚ ਲਿਖਿਆ, "ਜਿਸ ਪਾਸੇ ਤੇਰਾ ਮੂੰਹ ਹੈ, ਉਸ ਪਾਸੇ ਚਲਾ ਜਾ। ਮੇਰੇ ਪਾਸ ਤੈਨੂੰ ਆਉਣ ਦੀ ਲੋੜ ਨਹੀਂ।" ਜਦੋਂ ਬਾਬਾ ਰਾਮ ਰਾਇ ਨੂੰ ਗੁਰੂ ਜੀ ਦਾ ਪੱਤਰ ਮਿਲਿਆ, ਉਨ੍ਹਾਂ ਦਾ ਮੂੰਹ ਲਾਹੌਰ ਵੱਲ ਨੂੰ ਸੀ। ਇਸ ਤਰ੍ਹਾਂ ਉਹ ਲਾਹੌਰ ਨੂੰ ਚਲੇ ਗਏ। ਗੁਰੂ ਜੀ ਨੇ ਲਾਹੌਰ ਦੀ ਸੰਗਤ ਨੂੰ ਲਿਖ ਭੇਜਿਆ, "ਰਾਮ ਰਾਇ ਨੂੰ ਕੋਈ ਵੀ ਸਿੱਖ ਪੈਸਾ ਭੇਟਾ ਨਾ ਦੇਵੇ।" ਬਾਬਾ ਰਾਮ ਰਾਇ ਨੇ ਲਾਹੌਰ ਦੀ ਸੰਗਤ ਨੂੰ ਕਿਹਾ, "ਗੁਰੂ ਨੇ ਸਿੱਖਾਂ ਨੂੰ ਪੈਸਾ ਦੇਣ ਤੋਂ ਰੋਕਿਆ ਹੈ, ਤੁਸੀਂ ਮੋਹਰਾਂ ਦੇ ਦੇਵੋ।" ਬਾਬਾ ਰਾਮ ਰਾਇ ਦਾ ਇਸ ਤਰ੍ਹਾਂ ਦਾ ਰਵੱਈਆ ਸੁਣ ਕੇ ਗੁਰੂ ਜੀ ਨੇ ਮੁਖੀ ਸਿੱਖਾਂ ਤੇ ਮਸੰਦਾਂ ਨੂੰ ਪੱਤਰ ਲਿਖ ਦਿੱਤੇ, "ਕੋਈ ਵੀ ਸਿੱਖ ਰਾਮ ਰਾਇ ਨੂੰ ਮੂੰਹ ਨਾ ਲਗਾਵੇ ਤੇ ਨਾ ਹੀ ਕੋਈ ਸਿੱਖ ਇਸ ਨੂੰ ਭੇਟਾ ਦੇਵੇ। ਇਸ ਨੇ ਗੁਰੂ ਨਾਨਕ ਦੀ ਸੱਚੀ ਬਾਣੀ, ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਬਦਲੀ ਹੈ।" ਬਾਬਾ ਰਾਮ ਰਾਇ ਨੂੰ ਜਦੋਂ ਇਸ ਹੁਕਮਨਾਮੇ ਦਾ ਪਤਾ ਲੱਗਾ ਤਾਂ ਉਸਨੇ ਕਰਤਾਰਪੁਰ ਤੋਂ ਆਪਣੇ ਤਾਏ ਧੀਰ ਮੱਲ ਨੂੰ ਗੁਰੂ ਜੀ ਪਾਸੋਂ ਭੁੱਲ ਬਖ਼ਸ਼ਾਉਣ ਲਈ ਭੇਜਿਆ। ਗੁਰੂ ਜੀ ਨੇ ਧੀਰ ਮੱਲ ਨੂੰ ਕਿਹਾ, "ਜਿਸ ਨੇ ਗੁਰੂ ਨਾਨਕ ਦੀ ਸੱਚੀ ਬਾਣੀ ਨੂੰ ਬਦਲ ਦਿੱਤਾ ਹੋਵੇ, ਉਸਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ।"

ਗੁਰੂ ਹਰਿ ਰਾਇ ਜੀ ਨੇ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਦੇਖ ਕੇ, ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰ-ਗੱਦੀ ਦੇਣ ਦਾ ਪ੍ਰੋਗਰਾਮ ਬਣਾ, ਮੁਖੀ ਸਿੱਖਾਂ ਤੇ ਮਸੰਦਾਂ ਨੂੰ ਹੁਕਮਨਾਮੇ ਭੇਜ ਕੇ ਕੀਰਤਪੁਰ ਬੁਲਾ ਲਿਆ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿੱਛੋਂ ਉਨ੍ਹਾਂ ਨੇ ਸੰਗਤ ਨੂੰ ਸੰਬੋਧਨ ਕਰ ਕੇ ਕਿਹਾ, "ਗੁਰੂ ਕੋਈ ਸਰੀਰ ਨਹੀਂ। ਗੁਰੂ ਜੋਤ ਹੈ। ਅੱਜ ਤੋਂ ਉਹ ਜੋਤ ਮੈਂ ਸ੍ਰੀ ਹਰਿਕ੍ਰਿਸ਼ਨ ਜੀ ਦੇ ਵਿਚ ਰਖ ਰਿਹਾ ਹਾਂ।" ਉਸ ਪਿੱਛੋਂ ਉਨ੍ਹਾਂ ਆਪਣੇ ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰ-ਗੱਦੀ ਉੱਪਰ ਬਿਠਾ ਦਿੱਤਾ, ਜਿਨ੍ਹਾਂ ਦੀ ਉਮਰ ਸਿਰਫ਼ ਪੰਜ ਸਾਲਾਂ ਦੀ ਸੀ। ਗੁਰੂ ਹਰਿ ਰਾਇ ਜੀ ਨੇ ਉਨ੍ਹਾਂ ਅੱਗੇ ਮੱਥਾ ਟੇਕ ਕੇ ਚੌਰ ਕਰਨ ਵਾਲੇ ਸੇਵਾਦਾਰ ਨੂੰ ਕਿਹਾ, "ਅੱਜ ਤੋਂ ਚੌਰ ਇਨ੍ਹਾਂ ਉੱਪਰ ਕਰਨੀ ਹੈ।" ਗੁਰ-ਗੱਦੀ ਦੀ ਬਾਕੀ ਮਰਯਾਦਾ ਬਾਬਾ ਬੁੱਢਾ ਜੀ ਦੇ ਪੁੱਤਰ ਭਾਈ ਗੁਰਦਿੱਤਾ ਜੀ ਨੇ ਨਿਭਾਈ। ਉਸ ਪਿੱਛੋਂ ਸਾਰੀ ਸੰਗਤ ਨੇ ਗੁਰੂ ਹਰਿ ਰਾਇ ਜੀ ਦਾ ਹੁਕਮ ਮੰਨਦੇ ਹੋਏ, ਗੁਰੂ ਹਰਿਕ੍ਰਿਸ਼ਨ ਜੀ ਅੱਗੇ ਆਪਣੀਆਂ ਭੇਟਾਵਾਂ ਅਰਪਣ ਕਰਦੇ ਹੋਏ ਮੱਥਾ ਟੇਕਿਆ ਤੇ ਉਨ੍ਹਾਂ ਨੂੰ ਗੁਰੂ ਮੰਨ ਕੇ ਪੂਰਾ ਸਤਿਕਾਰ ਦਿੱਤਾ। ਗੁਰੂ ਹਰਿ ਰਾਇ ਜੀ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦੇਣ ਪਿੱਛੋਂ 6 ਅਕਤੂਬਰ, 1661 ਈਸਵੀ ਨੂੰ ਜੋਤੀ ਜੋਤਿ ਸਮਾ ਗਏ। ਉਨ੍ਹਾਂ ਦਾ ਸਸਕਾਰ ਪਤਾਲਪੁਰੀ ਕੀਤਾ ਗਿਆ। ਤੀਜੇ ਦਿਨ ਜਦੋਂ ਚਿਖ਼ਾ ਦੀ ਰਾਖ਼ ਚੁੱਕਣ ਲੱਗੇ ਤਾਂ ਸਭ ਦੇਖ ਕੇ ਹੈਰਾਨ ਹੋ ਗਏ ਕਿ ਉਸ ਵਿਚ ਫੁੱਲ ਨਹੀਂ ਸਨ।

ਗੁਰ-ਜੋਤ ਅੱਗੇ ਧਰੀ Passed on the Spiritual Light



Passed on the Spiritual Light


Baba Ram Rai was still at Delhi when he got Guru Har Rai's letter. It was written in that letter, "You are not to show me your face as you have changed the true word of Guru Nanak in order to please the king. Carried away by the greed of riches and honour, you have forsaken truth and taken support of falsehood. You were bestowed with powers of the Guru's institution and sent to Delhi so that you might show the path of truth to Aurangzeb and not that you adopt falsehood. Now, you are no longer fit to protect and propagate the true principles of Guru Nanak."

Baba Ram Rai felt great repentance on reading the letter. Thinking of meeting the Guru to seek forgiveness, he came near Kiratpur and wrote a letter to the Guru. The Guru sent back the reply, "Go in the direction, you are facing. You need not come to me." When Baba Ram Rai received the Guru's letter, he had his face towards Lahore. In this way, he went to Lahore. The Guru wrote to the devotees of Lahore, "No Sikh should offer paisa (money) to Ram Rai." Baba Ram Rai said to the devotees of Lahore, "The Guru has forbidden from offering paisa. You may give Mohars (gold coins)." Coming to know this trick of Baba Ram Rai, the Guru wrote to the prominent Sikhs, "No Sikh should welcome Ram Rai nor offer him anything. He has changed Guru Nanak's true word in order to please the king." When Baba Ram Rai came to know of this order of the Guru, he sent his uncle, Dhir Mall from Kartarpur to the Guru to ask for forgiveness for him. The Guru said to Dhir Mall, "He who has changed the true word of Guru Nanak, cannot be forgiven."

Having foreseen that the time of his merger in God was at hand, Guru Har Rai decided to hand over the leadership of the Sikhs to Sri Har Krishan and sent orders to the leading Sikhs and Masands (Sikhs who used to collect tithe and offerings from the Sikhs) to come to Kiratpur. After the close of recital of Asa-di-Var, the Guru addressed the congregation and said, "The Guru is not a body. It is a light. From today, I am placing that spiritual light in Sri Har Krishan." After that he sat his younger son, Sri Har Krishan, only five at that time, on the seat of the Guru. Guru Har Rai paid obeisance to him and asked the Sikh in waiting, "From today onwards, you have to render this service to him." Bhai Gurditta, son of Baba Budha performed the other rituals of ceremony of Guruship. After that, the rest of the congregation, obeying the command of Guru Har Rai, paid obeisance to Guru Har Krishan placing their offerings before him and gave him all the respect accepting him their Guru. After handing over their responsibility of leading the Sikhs, Guru Har Rai merged into the Supreme Being on the 6th October, 1661 A.D. He was cremated at Patal Puri. On the third day, when the Sikhs started gathering ashes, all were wonder-struck to find that there were no bones.

ਕੀਰਤਪੁਰ ਬਖ਼ਸ਼ਿਸ਼ਾਂ ਦਾ ਘਰ

Kiratpur Home of Blessings



ਕੀਰਤਪੁਰ ਬਖ਼ਸ਼ਿਸ਼ਾਂ ਦਾ ਘਰ

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ 7 ਜੁਲਾਈ, 1656 ਈਸਵੀ ਨੂੰ ਕੀਰਤਪੁਰ, ਜ਼ਿਲ੍ਹਾ ਰੋਪੜ ਵਿਖੇ ਹੋਇਆ। ਉਨ੍ਹਾਂ ਦੀ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਗੁਰੂ ਹਰਿ ਰਾਇ ਜੀ ਸਨ। ਗੁਰੂ ਹਰਿ ਰਾਇ ਜੀ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਗੁਰ-ਗੱਦੀ ਦੇ ਯੋਗ ਦੇਖ ਕੇ 6 ਅਕਤੂਬਰ, 1661 ਈਸਵੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਉਨ੍ਹਾਂ ਦੀ ਉਮਰ ਗੁਰ-ਗੱਦੀ ਦੀ ਬਖ਼ਸ਼ਿਸ਼ ਹੋਣ ਸਮੇਂ ਸਿਰਫ਼ ਪੰਜ ਸਾਲਾਂ ਦੀ ਸੀ।

ਗੁਰੂ ਹਰਿਕ੍ਰਿਸ਼ਨ ਜੀ ਦੇ ਵੱਡੇ ਭਾਈ ਬਾਬਾ ਰਾਮ ਰਾਇ ਜੀ, ਲਾਹੌਰ ਸਾਈਂ ਮੀਆਂ ਮੀਰ ਦੇ ਡੇਰੇ ਸਨ, ਜਦੋਂ ਉਨ੍ਹਾਂ ਨੂੰ ਗੁਰ-ਗੱਦੀ ਸ੍ਰੀ ਹਰਿਕ੍ਰਿਸ਼ਨ ਨੂੰ ਦਿੱਤੇ ਜਾਣ ਦੀ ਖ਼ਬਰ ਮਿਲੀ। ਗੁਰ-ਗੱਦੀ ਛੋਟੇ ਭਰਾ ਨੂੰ ਦਿੱਤੇ ਜਾਣ ਦਾ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਦੇ ਨਾਲ ਉਸ ਸਮੇਂ ਭਾਈ ਗੁਰਦਾਸ ਮਸੰਦ ਸੀ। ਉਸਨੇ ਕਿਹਾ, "ਮੈਂ ਆਪ ਦੇ ਨਾਲ ਹਾਂ। ਗੁਰੂ ਬਣਾਉਣਾ ਮਸੰਦਾਂ ਦੇ ਹੱਥ ਵਿਚ ਹੈ। ਜਿਸਨੂੰ ਮਸੰਦ ਚਾਹੁਣ, ਗੁਰੂ ਬਣਾ ਸਕਦੇ ਹਨ। ਹੋਰ ਮਸੰਦਾਂ ਤੇ ਸਿੱਖਾਂ ਨੂੰ ਅਸੀਂ ਪ੍ਰੇਰ ਸਕਦੇ ਹਾਂ! ਬਾਦਸ਼ਾਹ ਸਾਡੇ ਵੱਲ਼ ਹੈ। ਤੁਸੀਂ ਫ਼ਿਕਰ ਨਾ ਕਰੋ। ਜੇ ਉਨ੍ਹਾਂ ਨੂੰ ਗੁਰੂ ਹਰਿ ਰਾਇ ਜੀ ਗੁਰੂ ਬਣਾ ਸਕਦੇ ਹਨ ਤਾਂ ਅਸੀਂ ਤੁਹਾਨੂੰ ਬਣਾ ਸਕਦੇ ਹਾਂ।"

ਬਾਬਾ ਰਾਮ ਰਾਇ ਨੇ ਦਿੱਲੀ ਜਾ ਕੇ ਔਰੰਗਜ਼ੇਬ ਨੂੰ ਕਿਹਾ, "ਮੈਂ ਗੁਰੂ ਹਰਿ ਰਾਇ ਜੀ ਦਾ ਵੱਡਾ ਪੁੱਤਰ ਹਾਂ, ਇਸ ਲਈ ਗੁਰ-ਗੱਦੀ ਦਾ ਹੱਕ ਮੇਰਾ ਬਣਦਾ ਹੈ। ਮੇਰਾ ਆਪ ਦੇ ਨਾਲ ਮੇਲ ਹੋਣ ਕਰਕੇ ਮੇਰੇ ਪਿਤਾ ਨੇ ਮੇਰਾ ਹੱਕ ਛੋਟੇ ਭਰਾ ਨੂੰ ਦੇ ਦਿੱਤਾ ਹੈ। ਕ੍ਰਿਪਾ ਕਰ ਕੇ ਮੈਨੂੰ ਮੇਰਾ ਹੱਕ ਵਾਪਸ ਦਿਵਾਇਆ ਜਾਵੇ।" ਔਰੰਗਜ਼ੇਬ ਨੇ ਕਿਹਾ, "ਮੈਂ ਤੈਨੂੰ ਸਿੱਖਾਂ ਦਾ ਗੁਰੂ ਨਹੀਂ ਬਣਾ ਸਕਦਾ, ਕਿਉਂਕਿ ਇਹ ਸਿੱਖਾਂ ਦੀ ਸ਼ਰਧਾ ਹੈ ਕਿ ਉਹ ਕਿਸ ਨੂੰ ਗੁਰੂ ਮੰਨਦੇ ਹਨ। ਮੇਰੇ ਮੇਲ ਕਾਰਨ ਜਿਹੜਾ ਤੇਰਾ ਮਾਲੀ ਨੁਕਸਾਨ ਹੋਇਆ ਹੈ, ਉਹ ਮੈਂ ਤੈਨੂੰ ਜਾਗੀਰ ਦੇ ਕੇ ਪੂਰਾ ਕਰ ਦਿੰਦਾ ਹਾਂ।" ਔਰੰਗਜ਼ੇਬ ਨੇ ਉਸਨੂੰ ਸੱਤ ਪਿੰਡ ਜਾਗੀਰ ਵਜੋਂ ਦੇ ਦਿੱਤੇ, ਜਿੱਥੇ ਅੱਜ-ਕੱਲ੍ਹ ਡੇਹਰਾਦੂਨ ਹੈ।

ਗੁਰੂ ਹਰਿਕ੍ਰਿਸ਼ਨ ਜੀ ਨੂੰ ਛੋਟੀ ਉਮਰ ਵਿਚ ਸਿੱਖਾਂ ਦੀ ਅਗਵਾਈ ਕਰਦੇ ਦੇਖ ਕੇ, ਬ੍ਰਾਹਮਣਾਂ ਦੇ ਮਨਾਂ ਵਿਚ ਭਰਮ ਪੈ ਗਿਆ ਕਿ ਗੁਰੂ ਨਾਨਕ ਦੇ ਘਰ ਵਿਚ ਉਹ ਸ਼ਕਤੀ ਨਹੀਂ ਰਹੀ, ਜਿਹੜੀ ਪਹਿਲਾਂ ਸੀ ਕਿਉਂਕਿ ਬ੍ਰਾਹਮਣ ਉਦੋਂ ਦਰਬਾਰ ਵਿਚ ਹਾਜ਼ਰ ਨਹੀਂ ਸਨ, ਜਦੋਂ ਗੁਰੂ ਹਰਿ ਰਾਇ ਜੀ ਨੇ ਗੁਰ-ਗੱਦੀ ਦੇਣ ਸਮੇਂ ਸੰਗਤਾਂ ਨੂੰ ਕਿਹਾ ਸੀ, "ਗੁਰੂ ਜੋਤ ਹੈ, ਕੋਈ ਸਰੀਰ ਨਹੀਂ।" ਉਨ੍ਹਾਂ ਨੇ ਮਖ਼ੌਲ ਵਜੋਂ ਇੱਕ ਕੋਹੜੀ ਨੂੰ ਕਿਹਾ, "ਸਿੱਖਾਂ ਦੇ ਗੁਰੂ ਪਾਸ ਜਾ। ਉਸਦੇ ਦਰਸ਼ਨ ਕਰਨ ਨਾਲ ਤੇਰਾ ਰੋਗ ਠੀਕ ਹੋ ਜਾਵੇਗਾ।" ਉਹ ਕੋਹੜੀ ਗੁਰੂ ਹਰਿਕ੍ਰਿਸ਼ਨ ਜੀ ਦੇ ਰਸਤੇ ਵਿਚ ਲੇਟ ਕੇ ਪੁਕਾਰਨ ਲੱਗਾ, "ਗੁਰੂ ਜੀ, ਮੇਰਾ ਰੋਗ ਦੂਰ ਕਰ ਦੇਵੋ।" ਗੁਰੂ ਜੀ ਨੇ ਆਪਣਾ ਰੁਮਾਲ ਕੋਹੜੀ ਨੂੰ ਦੇ ਕੇ ਕਿਹਾ, "ਪਰਮਾਤਮਾ ਦਾ ਨਾਂ ਲੈ ਕੇ ਇਹ ਰੁਮਾਲ ਆਪਣੇ ਸਰੀਰ ਉੱਪਰ ਫੇਰ ਲੈ।" ਉਹ ਕੋਹੜੀ ਸਰੀਰ ਉੱਪਰ ਰੁਮਾਲ ਫੇਰਨ ਨਾਲ ਨੌ-ਬਰ-ਨੌ ਹੋ ਗਿਆ। ਜਿਹੜੇ ਬ੍ਰਾਹਮਣਾਂ ਨੇ ਉਸ ਕੋਹੜੀ ਨੂੰ ਮਖ਼ੌਲ ਵਜੋਂ ਭੇਜਿਆ ਸੀ, ਬੜੇ ਸ਼ਰਮਿੰਦੇ ਹੋਏ। ਗੁਰੂ ਦੇ ਰੁਮਾਲ ਨਾਲ ਕੋਹੜੀ ਦਾ ਰੋਗ ਦੂਰ ਹੋਣ ਦੀ ਖ਼ਬਰ ਬੜੀ ਜਲਦੀ ਫੈਲ ਗਈ। ਦੂਰ-ਦੂਰ ਤੋਂ ਪੁਰਾਣੇ ਰੋਗੀ ਗੁਰੂ ਦੇ ਦਰਸ਼ਨ ਕਰ ਕੇ ਤੇ ਗੁਰੂ-ਘਰ ਦੇ ਦਵਾਖ਼ਾਨੇ ਵਿੱਚੋਂ ਦਵਾਈਆਂ ਲੈ ਕੇ, ਅਰੋਗ ਹੋ ਕੇ, ਗੁਰੂ ਦੇ ਗੁਣ ਗਾਉਂਦੇ ਵਾਪਸ ਪਰਤਣ ਲੱਗੇ। ਬੇਅੰਤ ਜੂਆ, ਚੋਰੀ, ਸ਼ਰਾਬ, ਤਮਾਕੂ ਆਦਿ ਨਸ਼ਿਆਂ ਦੇ ਰੋਗੀ ਵੀ ਗੁਰੂ-ਘਰ ਵਿਚ ਆ ਕੇ ਨਸ਼ੇ ਤਿਆਗ ਗਏ।

Kiratpur Home of Blessings

Guru Har Krishan was born at Kiratpur, in Rupar district on the 7th July, 1656 A.D. His mother was Mata Krishan Kaur and father Guru Har Rai. Finding him fit for Guruship in all respects, Guru Har Rai entrusted him with the responsibility of leading the Sikhs on the 6th October, 1661 A.D. He was only five at that time when he was bestowed the Guruship.

Baba Ram Rai, the elder brother of Guru Har Krishan, was at the hermitage of Saint Mian Mir at Lahore when he heard the news that the Guruship had been bestowed to Sri Har Krishan. He was greatly pained to hear that his younger brother was made the Guru. Bhai Gurdas, a Masand was with him at that time. He said, "I fully support you. To make one the Guru is in the hands of Masands. They can make anybody they want to be the Guru. We can convince other Masands and Sikhs. The king is on our side. If Guru Har Rai can make him the Guru, we can make you one."

Baba Ram Rai went to Delhi and said to Aurangzeb, "I am the elder son of Guru Har Rai and as such I have a right to Guruship. Due to my intimacy with you, my father has given my right to my younger brother. It is requested that I be helped to get back my right." Aurangzeb said, "I cannot make you the Guru of the Sikhs because it is for the Sikhs to decide in whom they have faith and to whom acknowledge as their Guru. I shall make up the financial loss suffered by you due to your contacts with me by granting you a feoff." Aurangzeb gave him seven villages in feoff where Dehra Doon is situated these days.

Seeing Guru Har Krishan leading the Sikhs at a tender age, Brahmins were carried away by their misunderstanding that the Guru's institution did not possess spiritual power any more because they were not present in the court at the time of bestowing the Guruship. Guru Har Rai had said to the congregation, "The Guru is a light not a body." One day, jokingly they said to a leper, "Go to the Guru of the Sikhs. You will get well by beholding him." That leper lay down in the way of Guru Har Krishan and began to cry,"O Guru ! Please cure me of my malady." The Guru handed the leper his handkerchief and said, "Recite the name of God and move this handkerchief over your body." That leper was cured by rubbing the handkerchief over his body. The Brahmins who had sent the leper as fun were greatly ashamed. The news of the cure of the leper with the Guru's handkerchief spread rapidly. Chronic sufferers from far and near came, had an audience with the Guru, got medicines from the dispensary of the Guru's institution and having got well, went back singing the praises of the Guru. Numerous addicts of gambling, thieves, alcoholics and smokers gave up their vices after entering the Guru's institution.

ਗੀਤਾ ਦਾ ਵਿਆਖਿਆਨ


ਔਰੰਗਜ਼ੇਬ 1662 ਈਸਵੀ ਵਿਚ ਬਹੁਤ ਬੀਮਾਰ ਹੋ ਗਿਆ। ਉਸਦੇ ਠੀਕ ਹੋਣ 'ਤੇ ਉਸਦੇ ਹਕੀਮਾਂ ਨੇ ਉਸਨੂੰ ਗਰਮੀਆਂ ਵਿਚ ਕਸ਼ਮੀਰ ਜਾ ਕੇ ਆਰਾਮ ਕਰਨ ਦੀ ਸਲਾਹ ਦਿੱਤੀ। 8 ਦਸੰਬਰ, 1662 ਈਸਵੀ ਨੂੰ ਉਹ ਦਿੱਲੀ ਤੋਂ ਚੱਲ ਕੇ 8 ਫ਼ਰਵਰੀ, 1663 ਈਸਵੀ ਨੂੰ ਲਾਹੌਰ ਪੁੱਜਿਆ। ਢਾਈ ਤਿੰਨ ਮਹੀਨੇ ਉਹ ਲਾਹੌਰ ਰੁਕਿਆ। ਉਸ ਸਮੇਂ ਦੌਰਾਨ ਉਸਨੇ ਦੇਖ ਲਿਆ ਕਿ ਕਿਵੇਂ ਸਿੱਖਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾਂਦੀ ਸੀ। ਛੋਟੀ ਉਮਰ ਦੇ ਗੁਰੂ ਹੋਣ 'ਤੇ ਵੀ ਸਿੱਖਾਂ ਦੀ ਸ਼ਰਧਾ ਗੁਰੂ ਵਲੋਂ ਘਟੀ ਨਹੀਂ ਸੀ। ਇਹ ਸਭ ਕੁਝ ਉਸਦੀ ਮਨਸ਼ਾ ਦੇ ਉਲਟ ਹੋ ਰਿਹਾ ਸੀ। ਸਿੱਖਾਂ ਦੇ ਨਾਲ ਮੁਸਲਮਾਨ ਫ਼ਕੀਰ ਵੀ ਗੁਰੂ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ। ਗੁਰੂ-ਘਰ ਦੀਆਂ ਕਰਾਮਾਤਾਂ ਤਾਂ ਉਹ ਪਹਿਲਾਂ ਹੀ ਬਾਬਾ ਰਾਮ ਰਾਇ ਪਾਸੋਂ ਦੇਖ ਚੁਕਿਆ ਸੀ। ਹੁਣ ਉਹ ਗੁਰੂ ਨੂੰ ਮਿਲ ਕੇ ਦੇਖਣਾ ਚਾਹੁੰਦਾ ਸੀ ਕਿ ਉਨ੍ਹਾਂ ਪਾਸ ਕਿਹੜਾ ਅਦੁੱਤੀ ਗੁਣ ਸੀ, ਜਿਸਦੇ ਕਾਰਨ ਜਨਤਾ ਉਨ੍ਹਾਂ ਵੱਲ ਖਿੱਚੀ ਚਲੀ ਜਾਂਦੀ ਸੀ ਅਤੇ ਕਰਾਮਾਤੀ ਬਾਬਾ ਰਾਮ ਰਾਇ ਵੱਲ ਕੋਈ ਸਿੱਖ ਮੂੰਹ ਨਹੀਂ ਸੀ ਕਰਦਾ।

ਔਰੰਗਜ਼ੇਬ ਕਸ਼ਮੀਰ ਦਾ ਦੌਰਾ ਪੂਰਾ ਕਰ ਕੇ 19 ਜਨਵਰੀ, 1664 ਈਸਵੀ ਨੂੰ ਵਾਪਸ ਦਿੱਲੀ ਪੁੱਜਿਆ। ਦਿੱਲੀ ਪੁੱਜ ਕੇ ਉਸਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਕੀਤਾ, "ਸਿੱਖਾਂ ਦੇ ਗੁਰੂ ਹਰਿਕ੍ਰਿਸ਼ਨ ਨੂੰ ਦਿੱਲੀ ਆਉਣ ਲਈ ਸੱਦਾ ਭੇਜੋ।" ਮਿਰਜ਼ਾ ਰਾਜਾ ਜੈ ਸਿੰਘ ਗੁਰੂ-ਘਰ ਦਾ ਬਹੁਤ ਸ਼ਰਧਾਲੂ ਸੀ। ਉਸਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਘੋੜ-ਸਵਾਰ ਦੇ ਕੇ ਕੀਰਤਪੁਰ ਤੋਂ ਗੁਰੂ ਜੀ ਨੂੰ ਨਾਲ ਲੈ ਕੇ ਆਉਣ ਲਈ ਭੇਜਿਆ। ਦੀਵਾਨ ਪਰਸ ਰਾਮ ਨੇ ਕੀਰਤਪੁਰ ਪੁੱਜ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਆਪ ਨੂੰ ਮਿਰਜ਼ਾ ਰਾਜਾ ਜੈ ਸਿੰਘ ਨੇ ਦਿੱਲੀ ਪੁੱਜ ਕੇ ਦਰਸ਼ਨ ਦੇਣ ਦੀ ਅਰਜ਼ ਕੀਤੀ ਹੈ।" ਗੁਰੂ ਜੀ ਸਿੱਖ ਦੀ ਬੇਨਤੀ ਪ੍ਰਵਾਨ ਕਰ ਕੇ ਦਿੱਲੀ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਦੀਵਾਨ ਪਰਸ ਰਾਮ ਨੂੰ ਦਿੱਲੀ ਨੂੰ ਚੱਲਣ ਤੋਂ ਪਹਿਲਾਂ ਦੱਸ ਦਿੱਤਾ, "ਮੈਂ ਬਾਦਸ਼ਾਹ ਦੇ ਮੱਥੇ ਨਹੀਂ ਲੱਗਣਾ। ਇਹ ਮੇਰੇ ਗੁਰੂ ਪਿਤਾ ਦਾ ਹੁਕਮ ਹੈ, ਜਿਹੜਾ ਮੈਂ ਹਰ ਤਰ੍ਹਾਂ ਨਿਭਾਵਾਂਗਾ।"

ਬਸੰਤ ਵਾਲੇ ਦਿਨ, ਗੁਰੂ ਜੀ ਬਾਈ ਸੌ ਸ਼ਸਤਰਧਾਰੀ ਘੋੜ-ਅਸਵਾਰਾਂ ਨਾਲ ਕੀਰਤਪੁਰ ਤੋਂ ਦਿੱਲੀ ਨੂੰ ਚਲ ਪਏ। ਕੀਰਤਪੁਰ ਤੋਂ ਚਲ ਕੇ ਰਸਤੇ ਵਿਚ ਪੜਾਅ ਕਰਦੇ ਹੋਏ ਗੁਰੂ ਜੀ ਅੰਬਾਲਾ ਦੇ ਨੇੜੇ ਪੰਜੋਖੜਾ ਪੁੱਜੇ, ਜਿੱਥੇ ਇੱਕ ਬ੍ਰਾਹਮਣ ਲਾਲ ਚੰਦ ਨੇ ਇੱਕ ਸਿੱਖ ਨੂੰ ਪੁੱਛਿਆ, "ਇਹ ਕਿਹੜੇ ਮਹਾਰਾਜੇ ਦੀ ਸਵਾਰੀ ਜਾ ਰਹੀ ਹੈ ?" ਉਸ ਸਿੱਖ ਨੇ ਉੱਤਰ ਦਿੱਤਾ, "ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਆਪਣੇ ਸਿੱਖਾਂ ਨੂੰ ਦਰਸ਼ਨ ਦੇਣ ਜਾ ਰਹੇ ਹਨ।" ਉਸ ਬ੍ਰਾਹਮਣ ਨੇ ਕਿਹਾ, "ਨਾਂ ਤਾਂ ਕ੍ਰਿਸ਼ਨ ਕੋਈ ਵੀ ਧਰ ਸਕਦਾ ਹੈ। ਕੀ ਉਸ ਵਿਚ ਕ੍ਰਿਸ਼ਨ ਵਰਗੇ ਗੁਣ ਹਨ ?" ਸਿੱਖ ਉਸ ਬ੍ਰਾਹਮਣ ਨੂੰ ਗੁਰੂ ਜੀ ਪਾਸ ਲੈ ਗਿਆ।

ਉਸ ਬ੍ਰਾਹਮਣ ਨੇ ਗੁਰੂ ਜੀ ਨੂੰ ਕਿਹਾ, "ਨਾਂ ਤਾਂ ਤੁਸੀਂ ਕ੍ਰਿਸ਼ਨ ਰਖ ਲਿਆ, ਜਿਸਨੇ ਗੀਤਾ ਉਚਾਰੀ ਸੀ। ਕੀ ਤੁਸੀਂ ਗੀਤਾ ਦੇ ਕਿਸੇ ਇੱਕ ਸਲੋਕ ਦਾ ਅਰਥ ਦੱਸ ਸਕਦੇ ਹੋ ?" ਗੁਰੂ ਜੀ ਨੇ ਉਸਨੂੰ ਕਿਹਾ, "ਜੇ ਮੈਂ ਅਰਥ ਦੱਸ ਦਿੱਤੇ, ਫਿਰ ਵੀ ਤੇਰੀ ਤਸੱਲੀ ਨਹੀਂ ਹੋਣੀ। ਜੇ ਤੂੰ ਗੁਰੂ ਨਾਨਕ ਦੇ ਘਰ ਦੀ ਬਰਕਤ ਦੇਖਣੀ ਹੈ ਤਾਂ ਨਗਰ ਵਿੱਚੋਂ ਕਿਸੇ ਨੂੰ ਵੀ ਲੈ ਆ। ਉਹ ਤੇਰੇ ਸਵਾਲਾਂ ਦੇ ਉੱਤਰ ਦੇ ਦੇਵੇਗਾ।" ਬ੍ਰਾਹਮਣ ਨਗਰ ਵਿੱਚੋਂ ਛੱਜੂ ਨਾਂ ਦੇ ਇੱਕ ਅਨਪੜ੍ਹ ਸਿੱਧੇ-ਸਾਦੇ ਝਿਊਰ ਨੂੰ ਨਾਲ ਲੈ ਆਇਆ। ਗੁਰੂ ਜੀ ਦੀ ਮਿਹਰ ਨਾਲ ਛੱਜੂ ਨੇ ਇੱਕ ਵਿਦਵਾਨ ਦੀ ਤਰ੍ਹਾਂ ਬ੍ਰਾਹਮਣ ਦੇ ਸਵਾਲਾਂ ਦੇ ਉੱਤਰ ਦਿੱਤੇ ਤੇ ਗੀਤਾ ਦੇ ਸਲੋਕਾਂ ਦੇ ਅਰਥ ਦੱਸੇ। ਬ੍ਰਾਹਮਣ ਇਹ ਕੌਤਕ ਦੇਖ ਕੇ ਗੁਰੂ ਜੀ ਦੇ ਚਰਨੀਂ ਪੈ ਗਿਆ ਤੇ ਗੁਰੂ ਦਾ ਸਿੱਖ ਬਣਿਆ।

ਗੀਤਾ ਦਾ ਵਿਆਖਿਆਨ Interpretation of the Gita



Interpretation of the Gita

In 1662 A.D., Aurangzeb became seriously ill. On his recovery, his physicians advised him to go to Kashmir in the summer for a rest. Starting from Delhi on the 8th December, 1662 A.D., he reached Lahore on the 8th February, 1663 A.D. He halted at Lahore for two and a half to three months. During that period, he saw how the number of Sikhs was increasing day by day. Inspite of tender age of the Guru, the devotion of the Sikhs to him had not decreased. All this was happening contrary to his wishes. Alongwith the Sikhs, Muslim saints were also getting devoted to the Guru. He had already seen miracles of the Guru's institution from Baba Ram Rai. Now, he wanted to meet the Guru and see what divine power vested in him due to which people were drawn to him and no Sikh cared for Baba Ram Rai inspite of his miracles.

Aurangzeb returned to Delhi on the 19th January, 1664 A.D. from his stay in Kashmir. On his arrival, he ordered Mirza Raja Jai Singh, "Send a call to Guru Har Krishan of Sikhs to come to Delhi." Mirza Raja Jai Singh was greatly devoted to the Guru's institution. He sent Paras Ram, his Diwan (minister) with fifty horsemen to bring the Guru with him. Reaching Kiratpur, Diwan Paras Ram requested the Guru, "Mirza Raja Jai Singh has invited you to come to Delhi and give audience." According to the request of the Sikh, the Guru agreed to go to Delhi. Before his departure for Delhi, the Guru told Diwan Paras Ram, "I shall not go before the king. This is the command of my Guru-father and I shall carry it out at all price."

The Guru left Kiratpur for Delhi alongwith twenty-two hundred armed horsemen on Basant (festival of spring) day. Starting from Kiratpur and camping on the way, the Guru reached Panjokhra near Ambala where a Brahmin Lal Chand asked a Sikh, "Which Maharaja (king) is going with his attendants ?" That Sikh replied, "Guru Har Krishan is going to Dehli to give audience to his Sikhs." That Brahmin said, "Anybody can call himself Krishan. Does he have the qualities of Krishan ?" The Sikh took that Brahmin to the Guru.

That Brahmin said to the Guru, "You have named yourself Krishan who had imparted the knowledge of the Gita. Can you tell the meaning of a single couplet of the Gita ?" The Guru said to him, "You will not be satisfied even if I tell you the meaning. If you want to see the blessings of the Guru's institution, go and bring anyone from the town. He will answer your questions." The Brahmin brought from the village an illiterate simple water-carrier named Chhajju. With the blessings of the Guru, Chhajju replied to the questions of the Brahmin like a scholar and explained the meanings of the verses of the Gita. Seeing this miracle, the Brahmin fell at the Guru's feet and became a Sikh.

ਦਰਸ਼ਨਾਂ ਲਈ ਪ੍ਰੇਰਨਾ

Request for Glimpse



ਦਰਸ਼ਨਾਂ ਲਈ ਪ੍ਰੇਰਨਾ

ਗੁਰੂ ਹਰਿਕ੍ਰਿਸ਼ਨ ਜੀ ਪੰਜੋਖੜਾ ਵਿਖੇ ਬ੍ਰਾਹਮਣ ਦੇ ਮਨ ਦਾ ਹਨੇਰਾ ਦੂਰ ਕਰ ਕੇ, ਰਸਤੇ ਦੀਆਂ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਦਿੱਲੀ ਦੇ ਨੇੜੇ ਪੁੱਜੇ ਤਾਂ ਅੱਗੋਂ ਮਿਰਜ਼ਾ ਰਾਜਾ ਜੈ ਸਿੰਘ ਦਿੱਲੀ ਤੋਂ ਲੈਣ ਆਇਆ। ਉਸਨੇ ਗੁਰੂ ਜੀ ਦਾ ਡੇਰਾ ਬੰਗਲਾ ਸਾਹਿਬ ਵਿਚ ਕਰਵਾਇਆ। ਗੁਰੂ ਜੀ ਨੇ ਉਸਨੂੰ ਪਹਿਲੀ ਮਿਲਣੀ 'ਤੇ ਦੱਸ ਦਿੱਤਾ, "ਅਸੀਂ ਦਿੱਲੀ ਦੀ ਸੰਗਤ ਦੇ ਪ੍ਰੇਮ ਦੇ ਬੱਧੇ ਦਿੱਲੀ ਆਏ ਹਾਂ। ਅਸੀਂ ਔਰੰਗਜ਼ੇਬ ਦੇ ਮੱਥੇ ਕਿਸੇ ਹਾਲਤ ਵਿਚ ਵੀ ਨਹੀਂ ਲੱਗਣਾ।"

ਮਿਰਜ਼ਾ ਰਾਜਾ ਜੈ ਸਿੰਘ ਨੂੰ ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸੇ ਤਰ੍ਹਾਂ ਹੀ ਉਸਨੇ ਔਰੰਗਜ਼ੇਬ ਨੂੰ ਜਾ ਕੇ ਦੱਸ ਦਿੱਤਾ। ਔਰੰਗਜ਼ੇਬ ਇਹ ਸੁਣ ਕੇ ਬਹੁਤ ਹੈਰਾਨ ਹੋਇਆ ਕਿ ਗੁਰੂ ਜੀ ਉਸਦੇ ਮੱਥੇ ਨਹੀਂ ਲੱਗਣਾ ਚਾਹੁੰਦੇ ਸਨ, ਜਦੋਂ ਕਿ ਉਹ ਖ਼ੁਦ ਉਨ੍ਹਾਂ ਨੂੰ ਮਿਲਣ ਲਈ ਸੱਦੇ ਭੇਜਦਾ ਸੀ। ਔਰੰਗਜ਼ੇਬ ਨੇ ਬੜੇ ਹੀਰੇ, ਮੋਤੀ, ਕੱਪੜੇ ਤੇ ਇੱਕ ਮਾਲਾ ਆਪਣੇ ਦਰਬਾਰੀ ਦੇ ਹੱਥ ਗੁਰੂ ਜੀ ਨੂੰ ਨਜ਼ਰਾਨੇ ਵਜੋਂ ਭੇਜੀ। ਗੁਰੂ ਜੀ ਨੇ ਮਾਲਾ ਰੱਖ ਲਈ ਤੇ ਬਾਕੀ ਸਾਰਾ ਮਾਲ ਵਾਪਸ ਭੇਜ ਦਿੱਤਾ। ਕੀਮਤੀ ਤੋਹਫ਼ੇ ਵਾਪਸ ਆਉਣ 'ਤੇ ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਗੁਰੂ ਜੀ ਨੂੰ ਦੁਨਿਆਵੀ ਪਦਾਰਥ ਇਕੱਠੇ ਕਰਨ ਦੀ ਕੋਈ ਭੁੱਖ ਨਹੀਂ ਸੀ ਤੇ ਨਾ ਹੀ ਬਾਦਸ਼ਾਹ ਦਾ ਕੋਈ ਡਰ ਸੀ।

ਔਰੰਗਜ਼ੇਬ ਨੇ ਤੋਹਫ਼ੇ ਵਾਪਸ ਆਉਣ ਪਿੱਛੋਂ ਵਿਚਾਰ ਕੀਤਾ ਕਿ ਜੇ ਮੈਂ ਇੱਕ ਫ਼ਕੀਰ ਦਾ ਭੇਸ ਧਾਰ ਕੇ ਗੁਰੂ ਨੂੰ ਮਿਲ ਆਵਾਂ ਤੇ ਉਹ ਮੈਨੂੰ ਪਛਾਣ ਨਾ ਸਕਣ ਤਾਂ ਮੈਂ ਉਨ੍ਹਾਂ ਦੇ ਪਿੱਛੇ ਲੱਗਣ ਵਾਲੀ ਜਨਤਾ ਨੂੰ ਕਹਿ ਸਕਦਾ ਹਾਂ ਕਿ ਉਨ੍ਹਾਂ ਪਾਸ ਕੋਈ ਕਰਾਮਾਤ ਨਹੀਂ ਤੇ ਉਨ੍ਹਾਂ ਦਾ ਮੇਰੇ ਮੱਥੇ ਨਾ ਲੱਗਣ ਦਾ ਪ੍ਰਣ ਵੀ ਟੁੱਟ ਜਾਵੇਗਾ। ਫਿਰ ਸੋਚਿਆ ਕਿ ਮੇਰੇ ਇਸ ਤਰ੍ਹਾਂ ਗੁਰੂ ਪਾਸ ਜਾਣ ਤੋਂ ਪਹਿਲਾਂ, ਮਿਰਜ਼ਾ ਰਾਜਾ ਜੈ ਸਿੰਘ ਦੀ ਪਟਰਾਣੀ ਨੂੰ ਨੌਕਰਾਣੀਆਂ ਵਾਲੇ ਕੱਪੜੇ ਪਹਿਨਾ ਕੇ ਗੁਰੂ ਜੀ ਪਾਸ ਭੇਜ ਕੇ ਪਰਖ ਲਿਆ ਜਾਵੇ ਕਿ ਗੁਰੂ ਪਟਰਾਣੀ ਨੂੰ ਨੌਕਰਾਣੀ ਦੇ ਭੇਸ ਵਿਚ ਪਛਾਣ ਸਕਦੇ ਹਨ ਜਾਂ ਨਹੀਂ। ਔਰੰਗਜ਼ੇਬ ਨੇ ਇਹ ਸੋਚ ਕੇ ਰਾਜੇ ਨੂੰ ਹੁਕਮ ਕਰ ਦਿੱਤਾ, "ਤੂੰ ਆਪਣੀ ਪਟਰਾਣੀ ਨੂੰ ਨੌਕਰਾਣੀਆਂ ਵਾਲੇ ਕੱਪੜੇ ਪਹਿਨਾ ਕੇ ਗੁਰੂ ਪਾਸੋਂ ਪਛਾਣ ਕਰਵਾ।" ਰਾਜੇ ਨੇ ਔਰੰਗਜ਼ੇਬ ਦਾ ਹੁਕਮ ਮੰਨ ਕੇ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਬੁਲਾਇਆ ਤੇ ਆਪਣੀ ਪਟਰਾਣੀ ਨੂੰ ਨੌਕਰਾਣੀਆਂ ਵਾਲੇ ਕੱਪੜੇ ਪਹਿਨਾ ਕੇ ਨੌਕਰਾਂ ਵਾਲੇ ਕੰਮ-ਕਾਰ ਵਿਚ ਲਗਾ ਦਿੱਤਾ। ਗੁਰੂ ਜੀ ਨੇ ਪਟਰਾਣੀ ਦੇ ਸਿਰ ਉੱਪਰ ਆਪਣੇ ਹੱਥ ਦੀ ਛੜੀ ਰੱਖ ਕੇ ਕਿਹਾ, "ਪਟਰਾਣੀ ਹੋ ਕੇ ਨੌਕਰਾਂ ਵਾਲਾ ਭੇਸ ਬਣਾਉਣ ਦੀ ਕੀ ਲੋੜ ਸੀ ?" ਇਹ ਦੇਖ ਕੇ ਰਾਣੀ ਬਹੁਤ ਸ਼ਰਮਿੰਦਾ ਹੋਈ।

ਔਰੰਗਜ਼ੇਬ ਨੇ ਭੇਸ ਬਦਲ ਕੇ ਜਾਣ ਵਾਲੀ ਚਾਲ ਨਾਕਾਮ ਹੋਣ 'ਤੇ ਆਪਣੇ ਸ਼ਹਿਜ਼ਾਦੇ ਮੁਅੱਜ਼ਮ ਸ਼ਾਹ ਨੂੰ ਗੁਰੂ ਜੀ ਪਾਸ ਭੇਜਿਆ, ਜਿਹੜਾ ਗੁਰੂ ਜੀ ਦਾ ਹਮ-ਉਮਰ ਸੀ। ਉਹ ਗੁਰੂ-ਘਰ ਦੀ ਸ਼ਾਹੀ ਠਾਠ, ਹਰ ਸਮੇਂ ਚਲਦਾ ਲੰਗਰ ਦੇਖ ਕੇ ਬਹੁਤ ਹੈਰਾਨ ਹੋਇਆ। ਗੁਰੂ ਜੀ ਨੇ ਉਸਦੀ ਭਾਵਨਾ ਅਨੁਸਾਰ ਉਸਨੂੰ ਬੇਰੁੱਤੇ ਫਲ ਬਾਗ਼ ਵਿੱਚੋਂ ਖਵਾਏ। ਉਸਨੇ ਗੁਰੂ ਜੀ ਨੂੰ ਬਾਦਸ਼ਾਹ ਦੇ ਮਿਲਣ ਲਈ ਪੁੱਛਿਆ। ਗੁਰੂ ਜੀ ਨੇ ਕਿਹਾ, "ਮੈਂ ਅੱਤਿਆਚਾਰ ਕਰਨ ਵਾਲੇ ਬਾਦਸ਼ਾਹ ਦੇ ਮੱਥੇ ਨਹੀਂ ਲੱਗਣਾ ਚਾਹੁੰਦਾ। ਅਸੀਂ ਉਸ ਮਨੁੱਖ ਨੂੰ ਜਿਊਂਦਾ ਨਹੀਂ ਕਹਿੰਦੇ, ਜਿਸਦੇ ਮਨ ਵਿਚ ਅੱਲਾਹ ਦੀ ਯਾਦ ਨਹੀਂ। ਉਹ ਸਿਰਫ਼ ਸਾਹ ਲੈ ਰਿਹਾ ਹੈ। ਉਸਦਾ ਖਾਣਾ-ਪੀਣਾ ਸਭ ਹਰਾਮ ਹੈ।" ਸ਼ਹਿਜ਼ਾਦੇ ਨੇ ਕਿਹਾ, "ਤੁਸੀਂ ਇਹ ਮੈਨੂੰ ਬਾਦਸ਼ਾਹ ਲਈ ਲਿਖ ਕੇ ਦੇ ਦੇਵੋ।" ਗੁਰੂ ਜੀ ਨੇ ਇਹ ਸ਼ਬਦ ਸ਼ਹਿਜ਼ਾਦੇ ਨੂੰ ਲਿਖ ਕੇ ਦੇ ਦਿੱਤਾ :

ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥ *(ਵਾਰ ਮਾਝ ਮ: ੧, ਪੰਨਾ ੧੪੨)*

Request for Glimpse

When Guru Har Krishan came near Delhi, after enlightening the mind of the Brahmin at Panjokhra and giving audience to the devotees on the way, Mirza Raja Jai Singh came to receive him. He arranged for the stay of the Guru at Bangla Sahib. The Guru told him in the first meeting, "I have been drawn to Delhi by the love of the devotees of this place. Under no circumstances shall I come face to face with Aurangzeb."

Mirza Raja Jai Singh went to Aurangzeb and told him what the Guru had said. Aurangzeb was amazed to learn that the Guru did not want to see him while he was sending invitations for a meeting. Aurangzeb sent precious stones, pearls, clothes and a rosary as presents through his courtier. The Guru kept the beads' rosary and returned the rest of the valuables. The return of the precious gifts convinced Aurangzeb that the Guru had no hunger to amass worldly goods nor had he any fear of the king.

After the return of the presents, Aurangzeb thought, "If I go in the garb of a saint and meet the Guru and he is unable to recognise me, then I can tell his followers that he has no spiritual power and his resolve of not seeing me shall also be broken. But before I go to the Guru in this way, it will be better to test the Guru whether he can recognise the queen of Mirza Raja Jai Singh in guise of a servant or not. At this thought Aurangzeb ordered Mirza Raja Jai Singh, "See whether the Guru can recognise your queen in servant's dress." Obeying the command of Aurangzeb, the Raja invited the Guru to his palace and put his queen dressed as a maid, to work with servants. The Guru placed his cane on the head of the queen and said, "What need has a queen to dress as a maid servant ?" The queen was greatly embarrassed at this.

As the plan of Aurangzeb going to the Guru in disguise failed then he sent his son, Prince Muazzam Shah, who was of the same age as the Guru, to him. He was much amazed to see the royal splendour and continuous running community kitchen (langar). The Guru gave him unseasonal fruit to eat from the garden as per his wishes. He asked the Guru for a glimpse to the king. The Guru said, "I do not call a person alive if he does not keep God in his mind. He merely breathes. All the food and drink are unlawful for him." The prince said, "Please write it down and give it to me for the king." The Guru wrote this hymn and gave it to the prince.

Waste is that food and clothes.
If the True One is not in your mind. *(Vaar Majh Mahala 1, p. 142)*

ਵਚਨ ਨਿਭਾਏ

ਸ਼ਹਿਜ਼ਾਦਾ ਮੁਅੱਜ਼ਮ ਸ਼ਾਹ ਨੇ ਗੁਰੂ ਜੀ ਪਾਸੋਂ ਜਾ ਕੇ ਔਰੰਗਜ਼ੇਬ ਨੂੰ ਦੱਸਿਆ, "ਗੁਰੂ ਦੇ ਦਰਬਾਰ ਦੀ ਮਹਿਮਾ ਇੱਕ ਬਾਦਸ਼ਾਹ ਨਾਲੋਂ ਵੀ ਵੱਧ ਹੈ। ਸ਼ਸਤਰਧਾਰੀ ਘੋੜ-ਸਵਾਰ ਫ਼ੌਜ ਸਦਾ ਤਿਆਰ ਰਹਿੰਦੀ ਹੈ। ਗੁਰੂ ਦੇ ਦਰਸ਼ਨ ਕਰਨ ਤੇ ਹੋਰ ਮਿਲਣ ਆਉਣ ਵਾਲਿਆਂ ਲਈ ਲੰਗਰ ਸਦਾ ਵਰਤਦਾ ਰਹਿੰਦਾ ਹੈ। ਗੁਰੂ ਦੇ ਦਰਸ਼ਨ ਕਰਨ ਨਾਲ ਹੀ ਰੋਗੀ ਠੀਕ ਹੋ ਜਾਂਦੇ ਹਨ। ਖ਼ੁਦਾ ਦੀ ਬਾਣੀ ਦਾ ਸਦਾ ਕੀਰਤਨ ਹੁੰਦਾ ਰਹਿੰਦਾ ਹੈ ਤੇ ਗੁਰੂ ਜੀ ਕਰਾਮਾਤੀ ਹਨ, ਜਿਨ੍ਹਾਂ ਮੈਨੂੰ ਬਾਗ਼ ਵਿੱਚੋਂ ਬੇਰੁੱਤੇ, ਮੇਰੀ ਮਰਜ਼ੀ ਦੇ ਫਲ ਖਵਾਏ। ਜਦੋਂ ਮੈਂ ਉਨ੍ਹਾਂ ਨੂੰ ਆਪ ਦੇ ਮਿਲਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ ਉਹ ਇੱਕ ਜ਼ੁਲਮ ਕਰ ਕੇ ਰਾਜ ਕਰਨ ਵਾਲੇ ਬਾਦਸ਼ਾਹ ਨੂੰ ਨਹੀਂ ਮਿਲਣਾ ਚਾਹੁੰਦੇ। ਮੇਰੇ ਕਹਿਣ 'ਤੇ ਉਨ੍ਹਾਂ ਇਹ ਪੱਤਰ ਆਪ ਦੇ ਲਈ ਲਿਖ ਦਿੱਤਾ।"

ਔਰੰਗਜ਼ੇਬ ਆਪਣੇ ਪੁੱਤਰ ਪਾਸੋਂ ਗੁਰੂ ਦੀ ਵਡਿਆਈ ਸੁਣ ਕੇ, ਉਨ੍ਹਾਂ ਦੇ ਦਰਸ਼ਨਾਂ ਲਈ ਇੱਕ ਸਵੇਰ ਇਕੱਲਾ ਹੀ ਬੰਗਲਾ ਸਾਹਿਬ ਪੁੱਜ ਗਿਆ। ਦੀਵਾਨ ਦੁਰਗਾ ਮੱਲ ਨੇ ਔਰੰਗਜ਼ੇਬ ਨੂੰ ਦੇਖ ਕੇ ਗੁਰੂ ਜੀ ਨੂੰ ਜਾ ਦੱਸਿਆ। ਗੁਰੂ ਜੀ ਨੇ ਉਸਨੂੰ ਕਿਹਾ, "ਇਹ ਦਰਵਾਜ਼ਾ ਬੰਦ ਕਰ ਦੇਵੋ ਤੇ ਔਰੰਗਜ਼ੇਬ ਨੂੰ ਕਹਿ ਦੇਵੋ ਕਿ ਗੁਰੂ ਜੀ ਉਸਨੂੰ ਕਦੇ ਵੀ ਦਰਸ਼ਨ ਨਹੀਂ ਦੇਣਗੇ।" ਔਰੰਗਜ਼ੇਬ ਇੰਤਜ਼ਾਰ ਕਰ ਕੇ ਦਰਸ਼ਨਾਂ ਤੋਂ ਬਿਨਾ ਹੀ ਵਾਪਸ ਮੁੜ ਗਿਆ। ਉਸਦੇ ਜਾਣ ਪਿੱਛੋਂ (ਗੁਰੂ) ਤੇਗ਼ ਬਹਾਦਰ ਜੀ ਗੁਰੂ ਜੀ ਦੇ ਦਰਸ਼ਨਾਂ ਲਈ ਆ ਗਏ। (ਗੁਰੂ) ਤੇਗ਼ ਬਹਾਦਰ ਜੀ ਬਕਾਲੇ ਤੋਂ ਪੂਰਬ ਦੇਸ਼ ਦੇ ਦੌਰੇ 'ਤੇ ਚੱਲੇ ਹੋਏ ਸਨ। ਜਦੋਂ ਉਨ੍ਹਾਂ ਨੂੰ ਗੁਰੂ ਜੀ ਦੇ ਦਿੱਲੀ ਹੋਣ ਦਾ ਪਤਾ ਲੱਗਾ ਤਾਂ ਉਹ ਬੰਗਲਾ ਸਾਹਿਬ ਦਰਸ਼ਨਾਂ ਲਈ ਪੁੱਜ ਗਏ। ਤਿੰਨ ਦਿਨ ਗੁਰੂ ਜੀ ਪਾਸ ਟਿਕਣ ਪਿੱਛੋਂ, ਗੁਰੂ ਜੀ ਦੇ ਹੁਕਮ ਅਨੁਸਾਰ ਉਹ 21 ਮਾਰਚ, 1664 ਈਸਵੀ ਨੂੰ ਦਿੱਲੀ ਤੋਂ ਬਕਾਲੇ ਨੂੰ ਚੱਲ ਪਏ।

ਗੁਰੂ ਜੀ ਨੇ ਦੇਖ ਲਿਆ ਕਿ ਬੰਗਲਾ ਸਾਹਿਬ ਟਿਕਣਾ ਠੀਕ ਨਹੀਂ ਸੀ, ਕਿਉਂਕਿ ਔਰੰਗਜ਼ੇਬ ਕਦੇ ਵੀ ਉੱਥੇ ਆ ਸਕਦਾ ਸੀ। ਉਨ੍ਹਾਂ ਨੇ ਸਿੱਖਾਂ ਨਾਲ ਸਲਾਹ ਕਰ ਕੇ ਭਾਈ ਕਲਿਆਣਾ ਜੀ ਦੀ ਧਰਮਸਾਲਾ ਜਾ ਕੇ ਡੇਰੇ ਲਗਾ ਲਏ। ਇਹ ਧਰਮਸਾਲਾ ਸ਼ਹਿਰ ਦੇ ਵਿਚਕਾਰ ਸੀ। ਇਸ ਥਾਂ ਦੁਖੀਆਂ, ਰੋਗੀਆਂ ਤੇ ਦਰਸ਼ਨ ਕਰਨ ਵਾਲਿਆਂ ਦੀ ਭੀੜ ਬਹੁਤ ਵਧ ਗਈ। ਉਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਚੇਚਕ ਦਾ ਰੋਗ ਫੈਲਿਆ ਹੋਇਆ ਸੀ। ਚੇਚਕ ਦੇ ਰੋਗੀਆਂ ਦਾ ਰੋਗ, ਗੁਰੂ ਜੀ ਦੇ ਦਰਸ਼ਨ ਕਰਨ ਨਾਲ ਹੀ ਦੂਰ ਹੋ ਜਾਂਦਾ ਸੀ। ਸਾਰੇ ਸ਼ਹਿਰ ਦੇ ਰੋਗੀ ਧਰਮਸਾਲਾ ਪੁੱਜਣ ਲੱਗੇ। ਸਦਾ ਭੀੜ ਬਣੀ ਰਹਿੰਦੀ ਸੀ।

ਔਰੰਗਜ਼ੇਬ ਦਿਨ ਰਾਤ ਸੋਚਦਾ ਰਹਿੰਦਾ ਸੀ ਕਿ ਕਿਵੇਂ ਨਾ ਕਿਵੇਂ ਉਹ ਗੁਰੂ ਜੀ ਦੇ ਦੀਦਾਰ ਕਰ ਲਵੇ ਤਾਂ ਜੁ ਉਨ੍ਹਾਂ ਦਾ ਇਕਰਾਰ ਟੁੱਟ ਜਾਵੇ। ਕਿਉਂਕਿ ਉਹ ਕਦੇ ਵੀ ਦਰਸ਼ਨ ਕਰਨ ਲਈ, ਰੋਗੀ ਦਾ ਭੇਸ ਧਾਰ ਕੇ ਰੋਗੀਆਂ ਦੀ ਭੀੜ ਵਿਚ ਆ ਸਕਦਾ ਸੀ, ਇਸ ਲਈ ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਦਾ ਨਿਸਚਾ ਕਰ ਲਿਆ ਤਾਂ ਜੁ ਉਨ੍ਹਾਂ ਦਾ ਪ੍ਰਣ ਨਾ ਟੁੱਟੇ ਤੇ ਔਰੰਗਜ਼ੇਬ ਦੀ ਗੁਰੂ ਦੇ ਦਰਸ਼ਨਾਂ ਦੀ ਭਾਵਨਾ ਉਸਦੇ ਮਨ ਵਿਚ ਹੀ ਰਹਿ ਜਾਵੇ। 25 ਮਾਰਚ, 1664 ਈਸਵੀ ਵਾਲੇ ਦਿਨ ਉਨ੍ਹਾਂ ਨੂੰ ਥੋੜ੍ਹਾ-ਥੋੜ੍ਹਾ ਬੁਖ਼ਾਰ ਹੋਣ ਲੱਗਾ। ਉਸ ਪਿੱਛੋਂ ਉਨ੍ਹਾਂ ਦੀ ਘੁਕੀ ਬੱਝ ਗਈ। 30 ਮਾਰਚ, 1664 ਈਸਵੀ ਨੂੰ ਉਨ੍ਹਾਂ ਨੇ ਦੀਵਾਨ ਦੁਰਗਾ ਮੱਲ ਨੂੰ ਇੱਕ ਨਾਰੀਅਲ ਤੇ ਪੰਜ ਪੈਸੇ ਇੱਕ ਥਾਲ ਵਿਚ ਰੱਖ ਕੇ ਲੈ ਆਉਣ ਦੀ ਆਗਿਆ ਕੀਤੀ। ਵਸਤੂਆਂ ਆ ਜਾਣ 'ਤੇ ਉਨ੍ਹਾਂ ਨੇ ਆਪਣੇ ਸੱਜੇ ਹੱਥ ਨਾਲ ਪਰਕਰਮਾ ਕਰ ਕੇ, ਸਿਰ ਝੁਕਾਇਆ ਤੇ ਕਿਹਾ, "ਗੁਰੂ ਬਾਬਾ ਬਕਾਲੇ।" ਇਹ ਬਚਨ ਕਰਨ ਪਿੱਛੋਂ ਉਹ ਜੋਤੀ ਜੋਤਿ ਸਮਾ ਗਏ ਤੇ ਆਪਣਾ ਪ੍ਰਣ ਨਿਭਾ ਗਏ। ਹਿੰਦੁਸਤਾਨ ਦਾ ਬਾਦਸ਼ਾਹ ਉਨ੍ਹਾਂ ਦੇ ਦੀਦਾਰ ਨਾ ਕਰ ਸਕਿਆ।

ਵਚਨ ਨਿਭਾਏ

Kept the Promise



Kept the Promise

Prince Muazzam Shah after returning from the Guru, told Aurangzeb, "The glory of the Guru's court is greater even than a king's. A force of armed horsemen is always ready, food is served to those who come for a glimpse of the Guru or for a meeting at any time of the day. Patients are cured by just a glimpse of the Guru. God's word is recited all the time and the Guru is a miracle man who gave me many fruits of my liking from the orchard. When I requested him for a meeting with you, he replied that he did not wish to meet a king who ruled by cruelty. On my asking, he wrote this letter for you."

On hearing the praise of the Guru from his son, Aurangzeb reached Bangla Sahib all alone one morning to behold the Guru. When Diwan Durga Mall saw Aurangzeb, he went and told the Guru. The Guru said to him, "Close this door and tell Aurangzeb that the Guru will never give him audience." After waiting for some time, Aurangzeb went away without beholding the Guru. After he had gone away (Guru) Tegh Bahadur came for an audience with the Guru. (Guru) Tegh Bahadur was proceeding from Bakala on a tour of the Eastern states. When he came to know about the stay of the Guru at Delhi, he reached Bangla Sahib for an audience. After staying for three days with the Guru, he started back to Bakala from Delhi on his orders on the 21st March.

The Guru saw that it was not safer to stay at Bangla Sahib because Aurangzeb could come there any time. After consultation with the Sikhs, he set his camp in the inn of Bhai Kalyana. The inn was in the centre of the city. The crowds of sufferers, the sick and those seeking a glimpse of the Guru increased very much at this place. Smallpox epidemic was at rage in Delhi in those days. The patients of smallpox were cured by just a glimpse of the Guru. Patients of the whole city started coming to the inn. There was a great rush at all times of the day.

Aurangzeb was thinking day and night, ways to have a glimpse of the Guru so that the Guru's resolve may be broken. He could join the crowd of the sick in the garb of a patient any time for an audience. So the Guru decided to merge into the Supreme Being so that his resolve might stand and the wish of Aurangzeb for a glimpse might remain unfulfilled. He started running slight fever on the 25th March, 1664 A.D. After that, he went into a coma. On the 30th March, 1664 A.D., he ordered Diwan Durga Mall to bring a cocoanut and five paisas in a plate. When these were brought, he encircled these with his right hand, bowed his head and said, "Guru, Grandfather at Bakala." Having said these words, he merged into the Supreme Being and kept his promise. The king of India did not get a glimpse of him.